ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਪਟਿਆਲਾ

3

## ਠਾਕੁਰੁ ਗਾਈਐ ਆਤਮ ਰੰਗਿ ॥

ਧਨਾਸਰੀ ਮਹਲਾ ੫ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥
ਠਾਕੁਰੁ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥



www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਸੱਦ ਮਾਹੀ ਦਾ | ੪ | ਸੰਪਾਦਕ |
| ੨ | ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਗਮ | ੫ | ਬਾਬੂ ਮੱਲ ਸਿੰਘ ਜੀ |
| ੩ | ਉਧਾਰ ਨਿਸਤਾਰੇ ਦਾ ਸਾਧਨ ਤੇ ਗੁਰਮਤਿ ਜੋਗ | ੭ | ਸਚਖੰਡ ਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ੪ | ਅੰਮ੍ਰਿਤ ਤੇ ਖਾਲਸਾ | ੧੨ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੫ | ਓਅੰਕਾਰ–ਇਕ ਅਧਿਐਨ | ੧੭ | ਪ੍ਰੋ: ਪਿਆਰਾ ਸਿੰਘ ਜੀ ਪਦਮ |
| ੬ | ਗੁਰਮਤ ਪ੍ਰਚਾਰ ਦਾ ਸਭ ਤੋਂ ਉਚਾ ਤੇ ਨਿਰਾਲਾ ਢੰਗ | ੨੧ | ਭਾ: ਸੋਹਨ ਲਾਲ ਸਿੰਘ ਜੀ ਬਨਾਰਸ |
| ੭ | ਕਪੜੁ ਰੂਪੁ ਸੁਹਾਵਣਾ......... | ੨੪ | ਸ: ਗੁਰਚਰਨ ਸਿੰਘ ਜੀ ਵਾਰਾਨਸੀ |
| ੮ | ਸਿੱਖੀ ਮਿਸ਼ਨ | ੨੭ | ਭਾਈ ਮਨਮੋਹਣ ਸਿੰਘ ਜੀ ਬੁਤਾਲਾ |
| ੯ | ਕਰਨਲ ਪਿਆਰਾ ਸਿੰਘ ਜੀ | ੩੦ | ਭਾਈ ਸੁਰਜਨ ਸਿੰਘ ਜੀ ਗੁਜਰਵਾਲ |
| ੧੦ | ਸਿਖ ਇਤਿਹਾਸ ਦੀ ਫ਼ਰਦ | ੩੩ | ਸ: ਜਸਮੇਰ ਸਿੰਘ ਜੀ ਪਾਲ ਚੰਡੀਗੜ੍ਹ |
| ੧੧ | ਪੜ੍ਹਿਆ ਮੂਰਖ ਆਖੀਐ...... | ੩੫ | ਸ੍ਰੀ ਗੁਰੂ ਨਾਨਕ ਸਤਿਸੰਗ ਸਭਾ, ਸਿੰਘਾਪੁਰ |
| ੧੨ | ਸੁਣ ਕੈ ਸੱਦ ਮਾਹੀ ਦਾ | ੩੮ | ਸ: ਹਰਚਰਨ ਸਿੰਘ ਜੀ ਚੰਡੀਗੜ |
| ੧੩ | ਸ੍ਰੀ ਅਖੰਡ ਪਾਠ ਦੀ ਮਰਯਾਦਾ | ੩੯ | ਸ: ਗਿਆਨ ਸਿੰਘ ਜੀ ਸਿੰਦਰੀ |


## 'ਸੂਰਾ' ਵਲੋਂ ਇਕ ਹੋਰ ਉਦਮ

ਜਿਥੇ ਸੂਰਾ ਵਲੋਂ ਹਰ ਕੀਰਤਨ ਸਮਾਗਮ, ਪੰਜਾਬ, ਦਿਲੀ, ਮੇਰਠ, ਕੋਟਾ ਆਦਿ ਥਾਵਾਂ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਰਚਿਤ ਪੁਸਤਕਾਂ, ਕਕਾਰ, ਗੁਟਕੇ, ਪੋਥੀਆਂ ਆਦਿ ਦਾ ਸਟਾਲ ਲਾਇਆ ਜਾਂਦਾ ਹੈ, ਨਿਰੋਲ ਸੇਵਾ ਭਾਵ ਨੂੰ ਮੁਖ ਰਖਦਿਆਂ ਹੋਇਆਂ ਲਾਗਤ ਮਾਤਰ ਤੇ ਉਕਤ ਵਸਤਾਂ ਦਿਤੀਆਂ ਜਾਂਦੀਆਂ ਹਨ, ਉਥੇ ਅਸੀਂ ਮਧਿਆ ਪ੍ਰਦੇਸ਼ ਦੀ ਰਾਜਧਾਨੀ ਭੂਪਾਲ ਵਿਖੇ 'ਸੂਰਾ' ਵਲੋਂ ਇਕ ਪੱਕਾ ਸਟਾਲ ਨਿਸ਼ਚਤ ਕਰ ਦਿਤਾ ਹੈ, ਉਸ ਇਲਾਕੇ ਵਿਚ ਭੂਪਾਲ ਦੇ ਗੁਰਮੁਖ ਪਿਆਰੇ ਹੀ ਸਟਾਲ ਦੀ ਸੇਵਾ ਨੂੰ ਨਿਭਾਉਣਗੇ । ਹੁਣ ਅਗੋਂ ਕੋਟਾ ਸਮਾਗਮ ਤੇ ਵੀ ਭੂਪਾਲ ਵਲੋਂ ਹੀ ਸਟਾਲ ਲਗੇਗਾ । ਇਸ ਸਟਾਲ ਉਤੇ 'ਸੂਰਾ' ਦੇ ਚੰਦੇ ਵੀ ਜਮ੍ਹਾਂ ਕਰਾਏ ਜਾ ਸਕਦੇ ਹਨ, ਜਿਸ ਦੀ ਰਸੀਦ ਭਾਈ ਨਿਰਮਲ ਸਿੰਘ ਜੀ ਸੋਢੀ, 804/ਐਨ-2, ਸੀ ਸੈਕਟਰ, ਗੋਬਿੰਦਪੁਰਾ ਕਾਲੋਨੀ, ਐਚ.ਈ.ਐਲ. ਭੂਪਾਲ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

ਬੰਬਈ ਨਿਵਾਸੀ ਪਾਠਕ 'ਸੂਰਾ' ਸੰਬੰਧੀ ਚੰਦੇ ਭਾਈ ਕੇਹਰਜੋਤ ਸਿੰਘ ਜੀ, ਚਾਵਲ ਰੂਮ ਨੰ: 1, ਖੋਟਵਾਦੀ, ਸ਼ਿਵਗੁਪਾਲ ਘਾਸ ਵਾਲਾ, ਫ਼ੀਰੋਜ਼ਸ਼ਾਹ ਸਟਰੀਟ, ਸੰਤਾ ਕਰੋਜ਼, (ਵੈਸਟ) ਬੰਬਈ–54 ਪਾਸ ਜਮ੍ਹਾਂ ਕਰਾਕੇ ਰਸੀਦ ਕਰ ਸਕਦੇ ਹਨ ।

(ਦਾਸ–ਮੈਨੇਜਰ, ਸੂਰਾ)

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪਰਚਾਰਕ ਅੱਧ-ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।


ਜਿਲਦ ਨੰ: ੫ ] ੨੪ ਫਗਣ ੫੦੧ ਨਾਨਕ ਸ਼ਾਹੀ [ ਅੰਕ ੩


ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ ॥
ਪਿਰ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਇ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ
ਜੇ ਹਰਿ ਵਰੁ ਘਰਿ ਧਨ ਪਾਏ ॥ ੫ ॥

(ਤੁਖਾਰੀ ਛੰਤ ਮਹਲਾ ੧ ਬਾਰਹਮਾਹ)


ਮੁਖ ਸੰਪਾਦਕ :
ਪਿਆਰਾ ਸਿੰਘ

**੫ ਮਾਰਚ ੧੯੭੦**

ਆਨਰੇਰੀ ਸੰਪਾਦਕ:
ਸਰਦਾਰ ਸਿੰਘ (Rtd. S.D.O.)

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 5 ਮਾਰਚ 1970 ਨੂੰ ਪ੍ਰਕਾਸ਼ਤ ਕੀਤਾ।



www.AKJ.Org




# ਸੱਦ ਮਾਹੀ ਦਾ

੧੬੯੯ ਈਸਵੀ ਦਾ ਸਾਲ ਕਿਹਾ ਵਡਭਾਗਾ ਸਾਲ ਸੀ, ਜਿਸ ਸਾਲ ਸ੍ਰੀ ਦਸ਼ਮੇਸ਼ ਜੀ ਨੇ ਗੁਰੂ ਨਾਨਕ ਨਾਮ ਲੇਵਾ ਸਿਖਾਂ ਨੂੰ ਅਨੰਦਪੁਰ ਪੁਜਣ ਲਈ ਪ੍ਰੇਮ ਸੁਨੇਹੜੇ ਭੇਜੇ ਸਨ ।

ਅਪਰੈਲ ੧੬੯੯ ਦਾ ਮਹੀਨਾ ਕੇਹਾ ਸੁਹਾਵਣਾ ਮਹੀਨਾ ਸੀ । ਜਦੋਂ ਸੰਮੂਹ ਭਾਰਤ ਦੇ ਗੁਰੂ ਪਿਆਰੇ ਦਸਮੇਸ਼ ਪਿਤਾ ਦੇ ਦਰਸ਼ਨ ਲਈ ਤਿਆਰੀਆਂ ਕਰ ਰਹੇ ਸਨ । ੧੬੯੯ ਦੀ ਵਿਸਾਖੀ ਕੇਹੀ ਭਾਗਾਂ ਭਰੀ ਵਿਸਾਖੀ ਸੀ, ਜਿਸ ਦਿਨ ਸ੍ਰੀ ਕਲਗੇਸ਼ ਪਿਤਾ ਨੇ ਪੰਜ ਸੀਸ ਮੰਗ ਕੇ ਮਰਜੀਵੜੇ ਜਨਾਂ ਦੀ ਪਰਖ ਕੀਤੀ ਸੀ ।

ਵਾਹੁ ! ਧੰਨ ਗੁਰੂ ਪਿਆਰੇ ! ਜਿਨ੍ਹਾਂ ਵਿਸਾਖੀ ਵਾਲੇ ਦਿਨ ਪਵਿਤਰ ਸੀਸ ਦੇ ਕੇ ਪੰਜ ਪਿਆਰੇ ਹੋਣ ਦਾ ਮਾਨ ਪ੍ਰਾਪਤ ਕੀਤਾ । ਧੰਨ ਦਸਮੇਸ਼ ਪਿਆਰੇ ! ਜਿਨ੍ਹਾਂ ਸ੍ਰੀ ਦਸਮੇਸ਼ ਦੇ ਦਰਬਾਰ ਵਿਚ ਸਤਿਗੁਰੂ ਜੀ ਤੋਂ ਅੰਮ੍ਰਿਤ ਪਾਨ ਕੀਤਾ । ਧੰਨ ਗੁਰੂ ਪਿਆਰੇ ! ਜਿਨ੍ਹਾਂ 'ਧੁਰ ਕੀ ਬਾਣੀ' ਦੇ ਇਲਾਹੀ ਕੀਰਤਨ ਦਾ ਆਨੰਦ ਮਾਣਿਆ । ਬਲਿਹਾਰ ! ਬਲਿਹਾਰ !! ਸੰਮੂਹ ਗੁਰੂ ਚਰਨਾ ਦੇ ਭੌਰਿਆਂ ਤੋਂ ਬਲਿਹਾਰ ! ਤੇ ਹੁਣ ਧੰਨ ਹਨ ਉਹ ਗੁਰੂ ਪਿਆਰੇ ਜੋ 1970 ਵਿਚ ਸ੍ਰੀ ਦਸਮੇਸ਼ ਜੀ ਦੇ ਹੁਕਮੀ ਬੰਦੇ ਬਣਕੇ ਜੀਵਨ ਬਾਜ਼ੀ ਸਫਲਾ ਰਹੇ ਹਨ ।

ਗੁਰੂ ਦੁਲਾਰਿਓ ! ਇਕੋ ਇਕ ਸਾਧਨ ਸਤਿਗੁਰੂ ਜੀ ਦੇ ਚਰਨ ਕਮਲਾਂ ਦਾ ਸੁਆਦ ਲੈਣ ਦਾ–ਕੀਰਤਨ ! ਕੀਰਤਨ !! ਕੀਰਤਨ !!! 21, 22 ਤੇ 23 ਮਾਰਚ ਨੂੰ ਸ੍ਰੀ ਦਸਮੇਸ਼ ਜੀ ਦੇ ਚਰਨਾਂ ਵਿਚ ਅਖੰਡ ਕੀਰਤਨ ਭੌਰਿਆਂ ਵਲੋਂ ਇਲਾਹੀ ਕੀਰਤਨ ਦੀਆਂ ਗੂੰਜਾਂ ਪੈ ਰਹੀਆਂ ਹਨ ।

੧੬੯੯ ਦੀ ਵਿਸਾਖੀ ਨੂੰ ਸ੍ਰੀ ਦਸਮੇਸ਼ ਜੀ ਨੇ ਜੀਵਨ ਮੁਕਤ ਕਰਨ ਲਈ ਸੱਦਾ ਦਿਤਾ ਸੀ । ਹੁਣ 21, 22, 23 ਮਾਰਚ ਨੂੰ ਸ੍ਰੀ ਦਸਮੇਸ਼ ਮਾਹੀ ਅੰਮ੍ਰਿਤ ਕੀਰਤਨ ਵਿਚ ਚੁਭੀਆਂ ਮਾਰਨ ਲਈ ਸੱਦਾ ਦੇ ਰਿਹਾ ਹੈ ।

## ਪਾਠਕਾਂ ਪ੍ਰਤੀ ਬੇਨਤੀ

'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਕਿ ਡਾਕਖ਼ਾਨੇ ਵਲੋਂ ਅੱਧ ਮਾਸਕ ਪੱਤਰ ਦੀ ਵੇਲੇ ਸਿਰ ਮਨਜ਼ੂਰੀ ਨਾ ਮਿਲਣ ਦੇ ਕਾਰਨ 20 ਫ਼ਰਵਰੀ ਵਾਲਾ ਪਰਚਾ ਵੀ 5 ਮਾਰਚ ਨੂੰ ਹੀ ਭੇਜਣਾ ਪਿਆ ਹੈ, ਅਗੋਂ ਹਰ ਮਹੀਨੇ 5 ਅਤੇ 20 ਤ੍ਰੀਕ ਨੂੰ ਡਾਕ ਪਾਉਣ ਦੀ ਮਨਜ਼ੂਰੀ ਮਿਲ ਗਈ ਹੈ, ਪਿਛਲੀ ਮਜਬੂਰੀ ਲਈ ਖਿਮਾਂ ! ਦਾਸ–ਮੈਨੇਜਰ

## ਸਹਾਇਤਾ ਲਈ ਧੰਨਵਾਦ !

| | |
|---|---|
| ਭਾ: ਰਾਮ ਸਿੰਘ ਜੀ ਪਟਿਆਲਾ | 21-00 |
| ਭਾ: ਲਾਲ ਸਿੰਘ ਜੀ ਜਲੰਧਰ | 11-00 |
| ਭਾ: ਨਰਿੰਜਨ ਸਿੰਘ ਜੀ ਕਲਿਆਨ ਸੁਖਾ (ਬਠਿੰਡਾ) | 6-50 |
| ਭਾ: ਮਸਤਾ ਸਿੰਘ ਜੀ (ਇੰਗਲੈਂਡ) | 11-00 |
| ਭਾ: ਮਹਿੰਦਰ ਸਿੰਘ ਜੀ ਬੰਬਈ | 22-00 |
| ਪ੍ਰਵਾਰ ਭਾਈ ਸ਼ਾਮ ਸਿੰਘ ਜੀ ਚੰਡੀਗੜ੍ਹ | 100-00 |



www.AKJ.Org

# ਹੋਲੇ ਮਹੱਲੇ ਦਾ ਸਮਾਗਮ ਕਲਗੀਆਂ ਵਾਲੇ ਦੀ ਪਿਆਰੀ ਅਨੰਦਪੁਰੀ ਵਿਖੇ

ਅਖੰਡ ਕੀਰਤਨੀ ਜਥੇ ਵਲੋਂ ੨੧ ਮਾਰਚ ਤੋਂ ੨੪ ਮਾਰਚ, ੧੯੭੦ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾਵੇਗਾ। ਇਹ ਆਨੰਦਮਈ ਨਗਰੀ ਨੌਵੇਂ ਅਤੇ ਦਸਵੇਂ ਨਾਨਕ ਦੇਵ ਜੀ ਨੇ ਵਸਾਈ, ਚਾਰ ਸਾਹਿਬਜ਼ਾਦਿਆਂ ਅਤੇ ਖਾਲਸੇ ਦੀ ਇਹ ਜਨਮ ਭੂਮੀ, ਪੰਜ ਪਿਆਰਿਆਂ ਦੀ ਪ੍ਰੀਖਿਆ ਥਾਂ, ਭਾ: ਨੰਦ ਲਾਲ ਜੀ ਦਾ ਮੱਕਾ ਸ਼ਰੀਫ, ਭਾ: ਕਨੱਯਾ ਜੀ ਦਾ ਸੇਵਾ ਖੇਤਰ, ਭਾ: ਬਚਿਤਰ ਸਿੰਘ ਜੀ, ਭਾਈ ਉਧੈ ਸਿੰਘ ਜੀ ਆਦਿ ਅਣ-ਗਿਣਤ ਸੂਰਮਿਆਂ ਦੀ ਪਿਆਰੀ ਰਣ-ਭੂਮੀ, ਅਨੇਕਾਂ ਸ਼ਹੀਦਾਂ ਦੇ ਖੂਨ ਨਾਲ ਸਿੰਜੀ ਹੋਈ ਧਰਤੀ,ਭਾ: ਗੁਰਬਖਸ਼ ਸਿੰਘ ਜੀ ਆਦਿ ਬ੍ਰਹਮ-ਗਿਆਨੀ ਦਾ ਇਹ ਸੱਚਖੰਡ, ਸੱਚੇ ਪਾਤਸ਼ਾਹ ਜੀ ਦੇ ਨਿੱਜੀ ਸ਼ਸਤਰਾਂ ਅਤੇ ਗੁਰਧਾਮਾਂ ਦੇ ਏਥੇ ਦੀਦਾਰੇ ਕਰਨ ਲਈ ਇਸ ਧਰਤੀ ਦੀ ਜ਼ਰੂਰ ਯਾਤਰਾ ਕਰੋ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## ਕੀਰਤਨ ਦਾ ਪ੍ਰੋਗਰਾਮ

### ੨੧-੩-੧੯੭੦ ਦਿਨ ਸਨੀਚਰਵਾਰ

ਸਾਰੇ ਜਥੇ ਸਵੇਰੇ ੧੧ ਵਜੇ ਤਕ ਸ੍ਰੀ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਪੁਜਣ। ਦਿਨ ਦੇ ੧ ਵਜੇ ਸਾਰੇ ਜਥੇ ਕੀਰਤਨ ਕਰਦੇ ਸੰਤ ਬਾਬਾ ਮਹਿੰਦਰ ਸਿੰਘ ਜੀ ਹਰਖੋਵਾਲ ਗੁਰਦਵਾਰਾ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ, ਸੀਸ ਗੰਜ ਸਾਹਿਬ, ਅਕਾਲ ਬੁੰਗਾ ਸਾਹਿਬ, ਭੋਰਾ ਸਾਹਿਬ, ਗੁਰੂ ਕੇ ਮਹੱਲ, ਦਮਦਮਾ ਸਾਹਿਬ ਆਦਿ ਗੁਰਦਵਾਰਿਆਂ ਦੇ ਦਰਸ਼ਨ ਦੀਦਾਰੇ ਕਰਨਗੇ।

### ੨੨-੩-੧੯੭੦ ਦਿਨ ਐਤਵਾਰ

ਸਵੇਰੇ ੫ ਵਜੇ ਤੋਂ ੯ ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਉਸ ਤੋਂ ਉਪਰੰਤ ੩ ਵਜੇ ਦੁਪਹਿਰ ਤਕ ਅਖੰਡ ਕੀਰਤਨ ਖਾਲਸਾ ਕਾਲਜ ਵਿਚ। ਸ਼ਾਮ ਨੂੰ ੭ ਤੋਂ ੯ ਵਜੇ ਤਕ ਕਿਸੇ ਇਤਿਹਾਸਕ ਗੁਰਦਵਾਰਾ ਸਾਹਿਬ ਵਿਚ ਕੀਰਤਨ।

### ੨੩-੩-੧੯੭੦ ਦਿਨ ਸੋਮਵਾਰ

ਸਵੇਰੇ ੫ ਵਜੇ ਤੋਂ ੯ ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ, ਉਸ ਤੋਂ ਉਪਰੰਤ ੩ ਵਜੇ ਦੁਪਹਿਰ ਤਕ ਅਖੰਡ ਕੀਰਤਨ।

੨੩-੩-੧੯੭੦ ਸ਼ਾਮ ੮ ਵਜੇ ਤੋਂ ਰੈਣ ਸਬਾਈ ਕੀਰਤਨ ਆਰੰਭ ਹੋ ਕੇ ੨੪-੩-੧੯੭੦ ਸਵੇਰੇ ੩ ਵਜੇ ਭੋਗ ਪਵੇਗਾ।

ਸਾਰੇ ਜਥਿਆਂ ਅਗੇ ਬੇਨਤੀ ਹੈ ੨੧-੩-੧੯੭੦ ਨੂੰ ੧੧ ਵਜੇ ਤਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਪੁਜ ਜਾਣ ਤਾਂ ਕਿ ਸਮੇਂ ਸਿਰ ਪਾਵਨ ਗੁਰਧਾਮਾਂ ਦੀ ਯਾਤਰਾ ਲਈ ਚਾਲੇ ਪਾਏ ਜਾਣ। ਖਾਲਸਾ ਕਾਲਜ ਰੋਪੜ–ਸ੍ਰੀ ਅਨੰਦਪੁਰ ਸਾਹਿਬ ਦੀ ਸੜਕ ਉਤੇ ਹੀ ਹੈ। ਜਥੇ ਦੀ ਰਿਹਾਇਸ਼ ਲੰਗਰ ਅਤੇ ਕੀਰਤਨ ਦਾ ਪ੍ਰਬੰਧ ਇਸ ਕਾਲਜ ਵਿਚ ਹੀ ਹੋਵੇਗਾ।

ਨੋਟ–ਬਿਸਤਰਾ ਜ਼ਰੂਰ ਲੈ ਕੇ ਆਉਣਾ ਜੀ, ਇਕ ਗਲਾਸ ਅਤੇ ਥਾਲੀ ਜਾਂ ਦੋ ਬਾਟੇ ਹਰ ਇਕ ਸਜਣ ਲੈ ਆਉਣ ਦੀ ਕ੍ਰਿਪਾ ਕਰੋ।

ਪੁਛ ਗਿਛ ਲਈ—ਹਰਚਰਨ ਸਿੰਘ
੩੦੩੨, ਸੈਕਟਰ ੧੯–ਡੀ, ਚੰਡੀਗੜ੍ਹ।

ਸੰਗਤ ਦਾ ਦਾਸ–ਮੱਲ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਭਾਰਤ ਵਰਸ਼।



www.AKJ.Org

# ਅਖੰਡ ਕੀਰਤਨ ਸਮਾਗਮ ਕੋਟਾ ਦਾ ਪਰੋਗਰਾਮ

**12-3-70** ਵੀਰਵਾਰ–ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ। ਪਾਠ ਰਹਿਰਾਸ ਸਾਹਿਬ ਤੋਂ ਉਪਰੰਤ ਕੀਰਤਨ 8 ਤੋਂ 10 ਵਜੇ ਰਾਤ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ।

**13-3-70** ਸ਼ੁਕਰਵਾਰ–ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਗੁਮਾਨਪੁਰਾ ਪਾਠ ਰਹਿਰਾਸ ਸਾਹਿਬ ਤੋਂ ਉਪ੍ਰੰਤ ਕੀਰਤਨ 8 ਤੋਂ 10 ਵਜੇ ਰਾਤ, ਗੁ: ਸ੍ਰੀ ਗੁਰੂ ਸਿੰਘ ਸਭਾ ਛਾਉਣੀ ਕੋਟਾ।

**14-3-70** ਸਨਿਚਰਵਾਰ–ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ, ਗੁ: ਸ੍ਰੀ ਗੁਰੂ ਸਿੰਘ ਸਭਾ, ਕੋਟਾ ਜੰਕਸ਼ਨ। ਅਰੰਭ ਰੈਣ ਸਬਾਈ ਰਾਤੀ 8-30 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ। ਇਸਦਾ ਭੋਗ 15 ਮਾਰਚ ਐਤਵਾਰ ਸਵੇਰੇ 6 ਵਜੇ ਪਵੇਗਾ।

ਅੰਮ੍ਰਿਤ ਸੰਚਾਰ–ਸਨਿਚਰਵਾਰ 14 ਮਾਰਚ 1970 ਤਿੰਨ ਵਜੇ ਦੁਪਹਿਰ ਪਿਛੋਂ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਵਿਖੇ ਅਰੰਭ ਹੋਵੇਗਾ। ਅਭਲਾਖੀ ਸਜਣ ਪੰਜ ਕਕਾਰੀ ਰਹਿਤ ਧਾਰਨ ਕਰ ਕੇ ਤੇ ਸਕੇਸ਼ ਇਸ਼ਨਾਨ ਕਰਕੇ ਸਮੇਂ ਸਿਰ ਪੁਜ ਜਾਣ।

ਨੋਟ:—1. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ ਦੇ ਪਾਸ ਹੋਵੇਗਾ।
2. ਕੋਟਾ ਰੇਲਵੇ ਸਟੇਸ਼ਨ ਵੈਸਟਰਨ ਰੇਲਵੇ ਦੀ ਦਿਲੀ-ਬੰਬਈ ਮੇਨ ਲਾਇਨ ਤੇ ਹੈ।
3. ਪਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਹੋ ਸਕਦੀ ਹੈ।

ਪੁਛ-ਗਿਛ ਲਈ ਪਤੇ–(1) ਭਾਈ ਰਣਜੀਤ ਸਿੰਘ ਜੀ ਗੁਰਦਵਾਰਾ ਰੋੜ, ਕੋਟਾ–2
(2) ਭਾਈ ਹਰਜੀਤ ਸਿੰਘ (ਗਾਰਡ) ਬੋਹਰਾ ਬਿਲਡਿੰਗ ਦੇ ਲਾਗੇ, ਕੋਟਾ–2

ਦਰਸ਼ਨ ਅਭਿਲਾਖੀ–ਸੰਗਤ, ਕੋਟਾ (ਰਾਜਿਸਥਾਨ)

---

## ਫ਼ਾਰਮ ਨੰ: 4 ਵੇਖੋ ਰੂਲ ਨੰ: 8

| | | |
|---|---|---|
| (1) | ਪ੍ਰਕਾਸ਼ਨ ਸਥਾਨ | ਪਟਿਆਲਾ |
| (2) | ਨਿਸਚਿਤ ਪ੍ਰਕਾਸ਼ਨ ਸਮਾਂ | ਪੰਦਰਾਂ ਦਿਵਸੀ |
| (3) | ਛਾਪਕ ਦਾ ਨਾਂ | ਪਿਆਰਾ ਸਿੰਘ |
| | ਕੌਮੀਅਤ | ਭਾਰਤੀ |
| | ਪਤਾ | 'ਸੂਰਾ' ਰਾਘੋਮਾਜਰਾ, ਪਟਿਆਲਾ |
| (4) | ਪ੍ਰਕਾਸ਼ਕ ਦਾ ਨਾਂ | ਪਿਆਰਾ ਸਿੰਘ |
| | ਕੌਮੀਅਤ | ਭਾਰਤੀ |
| | ਪਤਾ | 'ਸੂਰਾ' ਰਾਘੋਮਾਜਰਾ, ਪਟਿਆਲਾ |
| (5) | ਐਡੀਟਰ ਦਾ ਨਾਂ | ਸਰਦਾਰ ਸਿੰਘ |
| | ਕੌਮੀਅਤ | ਭਾਰਤੀ |
| | ਪਤਾ | 'ਸੂਰਾ' ਰਾਘੋਮਾਜਰਾ, ਪਟਿਆਲਾ |
| (6) | ਉਹਨਾਂ ਵਿਅਕਤੀਆਂ ਦੇ ਨਾਂ ਅਤੇ ਪਤੇ ਜੋ ਅਖ਼ਬਾਰ ਦੇ ਕੁਲ ਸਰਮਾਏ ਦੇ ੧ ਫ਼ੀ ਸਦੀ ਤੋਂ ਵਧ ਹਿਸੇਦਾਰ ਹਨ। | ਅਖੰਡ ਕੀਰਤਨੀ ਜਥਾ, ਪਟਿਆਲਾ |

ਮੈਂ ਪਿਆਰਾ ਸਿੰਘ ਆਪਣੇ ਨਿਸਚੇ ਅਤੇ ਜਾਣਕਾਰੀ ਅਨੁਸਾਰ ਪ੍ਰਗਟ ਕਰਦਾ ਹਾਂ ਕਿ ਉਤੇ ਦਿਤੇ ਵੇਰਵੇ ਪੂਰਨ ਤੌਰ ਤੇ ਠੀਕ ਹਨ।

28-2-70 (ਸਹੀ) ਪ੍ਰਕਾਸ਼ਕ ਪਿਆਰਾ ਸਿੰਘ

www.AKJ.Org

# ਉਧਾਰ ਨਿਸਤਾਰੇ ਦਾ ਸਾਧਨ ਤੇ ਗੁਰਮਤਿ ਜੋਗ

(ਵਲੋਂ–ਸਚਖੰਡ ਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)

ਗਉੜੀ ਮਹਲਾ ੧ ॥
ਬ੍ਰਹਮੇ ਗਰਬੁ ਕੀਆ ਨਹੀ ਜਾਨਿਆ
ਬੇਦ ਕੀ ਬਿਪਤਿ ਪੜੀ ਪਛੁਤਾਨਿਆ ।
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ । ੧ ।
ਐਸਾ ਗਰਬ ਬੁਰਾ ਸੰਸਾਰੈ ।
ਜਿਸ ਗੁਰ ਮਿਲੈ ਤਿਸੁ ਗਰਬ ਨਿਵਾਰੈ । ੧ । ਰਹਾਉ ।
ਬਲਿ ਰਾਜਾ ਮਾਇਆ ਅਹੰਕਰੀ ।
ਜਗਨ ਭਰੈ ਬਹੁਭਰ ਅਠਾਰੀ ।
ਬਿਨੁ ਗੁਰ ਪੂਛੇ ਜ਼ਾਇ ਪਇਆਰੀ । ੨ ।
ਹਰੀਚੰਦ ਦਾਨੁ ਕਰੈ ਜਸ ਲੇਵੈ ।
ਬਿਨੁ ਗੁਰ ਅੰਤੁ ਨ ਪਾਇ ਅਭੇਵੈ ।
ਆਪਿ ਭੁਲਾਇ ਆਪੇ ਮਤ ਦੇਵੈ । ੩ ।
ਦੁਰਮਤਿ ਹਰਹਾਖਸ ਦੁਰਾਚਾਰੀ ।
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ।
ਪ੍ਰਹਲਾਦ ਉਦਾਰੇ ਕ੍ਰਿਪਾ ਧਾਰੀ । ੪ ।
ਭੂਲੋ ਨਾਵਨ ਮੁਗਧ ਅਚੇਤ ।
ਲੂਤੀ ਲੰਕਾ ਸੀਸ ਸਮੇਤਿ ।
ਗਰਬਿ ਗਇਆ ਬਿਨੁ ਸਤਿਗੁਰ ਹੇਤਿ ।੫ ।
ਸਹਸਬਾਹ ਮਧੁਕੀਟ ਮਹਿਖਾਸਾ ।
ਹਰਣਾਖਸੁ ਲੇ ਨਖਹੁ ਬਿਧਾਸਾ ।
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ । ੩ ।
ਜਰਾਸੰਧਿ ਕਾਲ ਜਮੁਨ ਸੰਘਾਰੇ ।
ਰਕਤ ਬੀਜ ਕਾਲੁ ਨੇਮ ਬਿਦਾਰੇ ।
ਦੈਤ ਸੰਘਾਰਿ ਸੰਤ ਨਿਸਤਾਰੇ । ੭ ।
ਆਸੇ ਸਤਿਗੁਰੁ ਸਬਦੁ ਬੀਚਾਰੇ ।
ਦੂਜੇ ਭਾਇ ਦੈਤ ਸੰਘਾਰੇ ।
ਗੁਰਮੁਖਿ ਸਾਚਿ ਭਗਤਿ ਨਿਸਤਾਰੇ । ੮ ।
ਬੂਡਾ ਦੁਰਯੋਧਨ ਪਤਿ ਖੋਈ ।
ਰਾਮੁ ਨਾ ਜਾਨਿਆ ਕਰਤਾ ਸੋਈ ।
ਜਨ ਕਉ ਦੂਖਿ ਪਚੈ ਦੁਖੁ ਹੋਈ । ੯ ।
ਜਨਮੇਜੈ ਗੁਰ ਸਬਦੁ ਨ ਜਾਨਿਆ ।
ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ।
ਇਕੁ ਤਿਲੁ ਭੂਲੇ ਬਹੁਰਿ ਪਛਤਾਨਿਆ ।੧੦।
ਕੰਸ ਕੇਸੁ ਚਾਂਡੂਰ ਨ ਕੋਈ ।
ਰਾਮ ਨਾ ਚੀਨਿਆ ਅਪਨੀ ਪਤਿ ਖੋਈ ।
ਬਿਨੁ ਜਗਦੀਸ ਨ ਰਾਖੈ ਕੋਈ । ੧੧ ।
ਬਿਨੁ ਗਰਬੁ ਨ ਮੇਇਆ ਜਾਇ ।
ਗੁਰਮਤਿ ਧਰਮੁ ਹਰਿ ਨਾਇ ।
ਨਾਨਕ ਨਾਮੁ ਮਿਲੈ ਗੁਣ ਗਾਇ । ੧੨ । ੯ ।

ਵਿਖਾਖਿਆ–ਈਸ ਗੁਰਵਾਕ ਅੰਦਰਿ ਹਿੰਦੂ ਆਨਮਤ ਪਖੰਡੀਆਂ ਦੇ ਵਡੇ ਤੋਂ ਵਡੇ ਨੇ ਦੰਨੇ ਮਹਾਂਪੁਰਸ਼ਾਂ ਦਾ ਕਰਤਵ ਇਸ ਕਰਕੇ ਖੰਡਣ ਕੀਤਾ ਗਿਆ ਹੈ ਕਿਉਂਕਿ ਓਹ ਗੁਰਮਤਿ ਤੋਂ ਉਕੇ ਹੀ ਘੁਥੇ ਹੋਏ ਸਨ । ਇਸ ਕਰਕੇ ਓਹਨਾਂ ਦੀ ਗਤਿ ਕਲਿਆਣ ਹੋਈ ਹੀ ਨਹੀਂ । ਹੋਰ ਤਾਂ ਹੋਰ ਹਿੰਦੂਆ ਦਾ ਵਡੇਰਾ ਦੇਵਤੇ ਬ੍ਰਹਮਾ ਨਿਰਾ ਗਰਬ ਗਹੇਲਾ ਹੀ ਰਿਹਾ ਉਸ ਨੇ ਤੱਤ ਪਰਮਾਰਥ ਜਾਣਿਆ ਹੀ ਨਹੀਂ । ਬੇਦ ਬੀਚਾਰਨ ਅਤੇ ਉਚਾਰਨ ਦੀ ਬਿਪਤਾ ਉਸ ਦੇ ਗਲ ਪਈ ਹੀ ਰਹੀ ਸਗੋਂ ਇਸ ਬਿਪਤਾ ਗਲ ਪਈ ਤੇ ਬਹੁਤ ਪਛਤਾਇਆ । ਕਿਉਂਕਿ



www.AKJ.Org

ਇਹ ਸਹੇੜ ਸਹੇੜ ਬੈਠਾ। ਬੇਦ ਪਾਠੀ ਅਤੇ ਬੇਦ ਬਕਤੇ ਹੋਣ ਨੇ ਓਸ ਦੀ ਗਿੱਲ ਹੀ ਗੰਵਾ ਛਡੀ। ਉਸ ਨੂੰ ਪਰਮਾਰਥ ਦੀ ਸੂਝ ਆਈ ਹੀ ਨਹੀਂ। ਨਾਮ ਸਿਮਰਨ ਤੋਂ ਘੁਥਾ ਹੀ ਰਿਹਾ। ਜਿਸ ਨੇ ਜਦੋਂ ਭੀ ਵਾਹਿਗੁਰੂ ਨੂੰ ਸਿਮਰਿਆ ਉਦੋਂ ਉਥੇ ਹੀ ਉਸ ਦਾ ਮਨ ਪਰਮਾਰਥ ਕਲਾ ਉਤੇ ਪਤੀਜ ਗਿਆ ਬ੍ਰਹਮਾ ਭੀ ਤਦ ਹੀ ਪਤੀਜੇਗਾ ਜਦੋਂ ਇਹ ਜਨਮ ਧਾਰ ਵਾਹਿਗੁਰੂ ਦੀ ਨੇਤ ਅਨੁਸਾਰ ਸਤਿਗੁਰੂ ਦਾ ਸਚਾ ਸਿਖ ਬਣੇਗਾ ਜੈਸਾ ਕਿ ਆਮ ਰਵਾਇਤ ਹੈ ਕਿ ਬ੍ਰਹਮਾ ਨੇ ਹੀ ਭਿਖੇ ਭਟ ਦਾ ਜਨਮ ਧਾਰ ਕੇ ਆਪਣਾ ਲੋਕ ਪਰਲੋਕ ਗੁਰੂ ਦਾ ਸਿਖ ਬਨਣ ਦੇ ਕਾਰਨ ਸਵਾਰਿਆ ਗੁਰੂ ਸਿਖੀ ਮਾਰਗ ਗਰਬ ਗਰੂਰ ਤੋਂ ਹੀਂਣਿਆਂ ਨੀਵਿਆਂ ਦਾ ਮਾਰਗ ਹੈ। ਜੋ ਭੀ ਗਰਬ ਤਿਆਗ ਕੇ ਗੁਰਮਤਿ ਗਰੀਬੀ ਰੂਪੀ ਨਿਵਾਣ 'ਚ ਆਇਆ ਉਸਦਾ ਨਿਸਤਾਰਾ ਹੀ ਸੰਭਵ ਗਿਣਿਆ ਗਿਆ। ਗਰਬਵੰਤਿਆਂ ਦੀ ਗਰਦਨ ਆਕੜ ਦੇ ਕਾਰਨ ਆਕੜੀ ਹੀ ਰਹੀ ਤਿਨਾਂ ਦੇ ਪਲੇ ਪ੍ਰਮਾਰਥ ਵਲੋਂ ਕੁਛ ਭੀ ਨ ਪਿਆ। ਤਾਂ ਤੇ ਸੰਸਾਰ ਵਿਖੇ ਅਜੇਹਾ ਗਰਬ ਗੁਮਾਨ ਬੁਰਾ ਅਤੇ ਬੁਰੇ ਕੰਮਾਂ ਦਾ ਫਲ ਹੀ ਹੈ। ਜਿਸ ਨੂੰ ਵਾਹਿਗੁਰੂ ਦੇ ਭਾਣੇ ਅਨੁਸਾਰ ਸਚਾ ਗੁਰੂ ਮਿਲਦਾ ਹੈ ਤਿਸ ਦਾ ਹੀ ਗਰਬ ਨਿਵਾਰਿਆ ਜਾਂਦਾ ਹੈ। ਜਾਣਨਾ ਚਾਹੀਏ ਕਿ ਸਚਾ ਗੁਰੂ ਸੰਸਾਰ ਵਿਖੇ ਅਜ ਤਾਈਂ ਆਪਣੇ ਗੁਰੂ ਜੋਤਿ ਜਾਮਿਆਂ ਵਿਚ ਕੇਵਲ ਸਤਿਗੁਰੂ ਨਾਨਕ ਦੇਵ ਹੀ ਹੋਇਆ ਹੈ ਅਤੇ ਸਦੀਵ ਲਈ ਉਹੀ ਰਹੇ। ਜੋ ਜੋ ਭੀ ਗਰਬ ਬਿਰਥਾ ਹੰਕਾਰ ਕਰਦੇ ਹਨ ਤੇ ਹੰਕਾਰ ਦਾ ਪੁੰਜ ਹੁੰਦੇ ਹਨ ਓਹ ਸਭੇ ਪਰਮਾਰਥ ਤੋਂ ਘੁਥੇ ਹੀ ਜਾਂਦੇ ਹਨ ਕਿਸੇ ਨੂੰ ਮਾਇਆ ਦਾ ਗਰਬ, ਕਿਸੇ ਨੂੰ ਰਾਜ ਦਾ ਗਰਬ, ਕਿਸੇ ਨੂੰ ਰੂਪ ਦਾ ਗਰਬ, ਕਿਸੇ ਨੂੰ ਬਲ ਸੂਰਮਤਾਈ ਦਾ ਗੁਮਾਨ, ਕਿਸੇ ਨੂੰ ਜਾਤ ਜੋਬਨ ਦਾ ਅਭਿਮਾਨ ਅਜੇਹੇ ਗਰਬ ਦੇ ਮੁਠੇ ਹੋਏ ਪਰਾਨੀ ਸਭ ਗੁਰਮਤਿ ਤੋਂ ਘੁਥੇ ਹੋਏ ਹੀ ਰਹਿੰਦੇ ਹਨ। ਘੁਥੇ ਹੋਏ ਰਹਿਣ ਦੇ ਕਾਰਣ ਉਹਨਾਂ ਦਾ ਰੋਗ ਹੋਰ ਵਧਦਾ ਜਾਂਦਾ ਹੈ। ਬਲ ਰਾਜੇ ਨੂੰ ਮਾਇਆ ਦਾ ਹੰਕਾਰ ਹੋਇਆ ਤੇ ਮਾਰਿਆ ਗਿਆ। ਪਰਮਾਰਥ ਵਲ ਉਸ ਦੀ ਬਿਰਤੀ ਚੜੀ ਹੀ ਨਹੀਂ ਬਹੁਤੀ ਮਾਇਆ ਹੋਣ ਕਰਕੇ ਉਸ ਨੇ ਬਹੁਤੇ ਜਗ ਕੀਤੇ ਜਗ ਕਰਨ ਦੇ ਕਾਰਣ ਉਸ ਦਾ ਭਾਰ ਅਫਾਰਾ ਸਗੋਂ ਹੋਰ ਵਧ ਗਿਆ। ਇਸ ਦੇ ਕਾਰਣ ਉਸ ਨੂੰ ਪਤਾਲੋਂ ਥਲੇ ਜਾਣਾ ਪਿਆ। ਜੇ ਉਸ ਪਰ ਵਾਹਿਗੁਰੂ ਸਚੇ ਪਾਤਸ਼ਾਹ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਤਾਂ ਸਚੇ ਗੁਰੂ ਦਾ ਮਿਲਾਪ ਹੋ ਜਾਂਦਾ ਤਾਂ ਉਸ ਦੀ ਇਹ ਦੁਰਗਤੀ ਕਦੇ ਨ ਹੁੰਦੀ। ਹਰੀ ਚੰਦ ਰਾਜੇ ਨੂੰ (ਜੋ ਹਿੰਦੂਆਂ ਦਾ ਬੜਾ ਦਾਨੀ ਮਾਨੀ ਵਡੇਰਾ ਮੰਨਿਆ ਗਿਆ ਹੈ) ਦਾਨ ਕਰਨ ਦਾ ਮਾਨ ਤੇ ਦਾਨ ਕਰਕੇ ਜਸ ਲੈਣ ਦਾ ਚਸਕਾ ਪੈ ਗਿਆ ਉਹ ਆਪਣਾ ਆਪ ਹੀ ਭੁਲ ਗਿਆ। ਉਸ ਨੂੰ ਅਭੇਦ ਅਕਾਲ ਪੁਰਖ ਦਾ ਭੇਦ ਕੀ ਆਉਣਾ ਸੀ ਕਿਉਂਕਿ ਉਹ ਸਾਰੀ ਉਮਰ ਨਿਗੁਰਾ ਹੀ ਰਿਹਾ। ਗੁਰੂ ਬਾਝੋਂ ਸਚੇ ਪਰਮਾਰਥ ਦਾ ਭੇਦ ਆ ਹੀ ਨਹੀਂ ਸਕਦਾ, ਜੇ ਉਸ ਨੂੰ ਭੇਦ ਆਉਣਾ ਹੁੰਦਾ ਤਾਂ ਵਾਹਿਗੁਰੂ ਅਕਾਲ ਪੁਰਖ ਅਪਣੀ ਨਦਰ ਮੇਹਰ ਕਰਕੇ ਸਚੇ ਗੁਰੂ ਦਾ ਮਿਲਾਪ ਕਰਾਇ ਦਿੰਦਾ। ਤਾਂ ਤੇ ਉਸ ਉਤੇ ਉਸ ਦੇ ਕਰਮਾਂ ਅਨੁਸਾਰ ਇਹ ਨਦਰ ਮੇਹਰ ਹੋਣੀ ਹੀ ਨਹੀਂ ਸੀ। ਇਸ ਕਰਕੇ ਉਹ ਭੁਲਾ ਹੀ ਰਿਹਾ। ਇਹ ਭੀ ਕਹਿਣਾ ਠੀਕ ਹੈ ਕਿ ਪਰਮਾਤਮਾ ਨੇ ਉਸ ਨੂੰ ਭੁਲਾਇਆ। ਹੁਣ ਭੀ ਜੇ ਪ੍ਰਮਾਤਮਾ ਨੂੰ ਮਨਜ਼ੂਰ ਹੋਇਆ ਤਾਂ ਉਸ ਨੂੰ ਫੇਰ ਸੁਮੱਤੇ ਲਾ ਸਕਦਾ ਹੈ ਖੋਟੀ ਮਤ ਦੁਰਮਤਿ ਮਤਵਾਲਾ ਦੈਂਤ ਹਰਨਾਖਸ਼ ਦੁਰਾਚਾਰੀ ਹੀ ਰਿਹਾ। ਵਾਹਿਗੁਰੂ ਨਿਰੰਕਾਰ ਨਰਾਇਣ ਗਰਬ ਪ੍ਰਹਾਰੀ ਨੇ ਉਸ ਦਾ ਗਰਬ ਤੋੜ ਕੇ ਹੀ ਛਡਿਆ। ਪ੍ਰਹਿਲਾਦ ਉਤੇ ਗੁਰੂ ਅਕਾਲ ਪੁਰਖ ਦੀ ਕਿਰਪਾ ਹੋ ਗਈ ਤਾਂ ਉਸ ਦਾ ਉਧਾਰ ਹੋ ਗਿਆ। ਮੂਰਖ ਮੁਗਧ ਰਾਵਣ ਆਪਣੇ ਬੇਹੋਂ ਥਾਵੇਂ ਭੁਲ ਗਿਆ। ਪਰਮਾਰਥ ਤੋਂ ਉਕਾ ਹੀ ਉਖੜ ਗਿਆ ਤਾਂ ਤੇ ਅਚੇਤ ਹੀ ਉਸ ਦਾ ਨਾਸ ਹੋ ਗਿਆ। ਉਸ ਦੀ ਲੰਕਾ ਲੁਟੀ ਗਈ। ਸੀਸ ਸਮੇਤ



www.AKJ.Org

ਉਸ ਦੀ ਜੜ੍ਹ ਪੁਟੀ ਗਈ। ਗਰਬ ਕਰਨ ਕਰ ਕੇ ਉਹ ਗਇਆ ਗੁਜ਼ਰਿਆ ਹੋ ਗਿਆ । ਸਤਿਗੁਰੂ ਦੇ ਪਰਮਾਰਥ ਪਰੇਮ ਪ੍ਰਾਇਣ ਉਹ ਹੋਇਆ ਹੀ ਨਾ। ਏਸੇ ਪਰਕਾਰ ਹੀ ਸਹਸ ਬਾਹੂ ਮਧਕੀਟ ਆਦਿਕ ਦੈਂਤਾਂ ਦੀ ਦੁਰਗਤਿ ਹੋਈ । ਕਦੇ ਭੀ ਅਤੇ ਕਿਸੇ ਵੇਲੇ ਭੀ ਕਿਸੇ ਤੋਂ ਭੀ ਨ ਮਾਰੇ ਜਾਣ ਦੇ ਦਾਅਵਾ ਰਖਣ ਵਾਲੇ ਹਰਣਾਖਸ਼ ਨੂੰ ਨੌਹਾਂ ਨਾਲ ਹੀ ਪਾੜਿਆ ਗਿਆ । ਗੁਰਮਤਿ ਭਗਤੀ ਦਾ ਰੰਚਕ ਮਾਤਰ ਭੀ ਅਭਿਆਸ ਲੇਸ ਨ ਹੋਣ ਕਰਕੇ ਦੈਂਤ ਸੰਘਾਰੇ ਗਏ। ਦੈਂਤ ਬੁਧੀ ਵਾਲੇ ਦੇਵਤਿਆਂ ਰਿਸ਼ੀਆਂ ਮੁਨੀਆਂ ਦਾ ਭੀ ਇਹੋ ਹਾਲ ਹੋਵੇਗਾ । ਕਿਉਂ ਉਹ ਹੰਕਾਰ ਦੇ ਕਾਰਨ ਗੁਰਮਤਿ ਤੋਂ ਪਰੇਡੇ ਹੀ ਪਰੇਡੇ ਨਸਣਗੇ । ਨੇੜੇ ਆਉਣਗੇ ਤਾਂ ਉਹਨਾਂ ਦੇ ਉਧਾਰ ਦਾ ਕੋਈ ਹੀਲਾ ਬਣੇਗਾ । ਗਲ ਕੀ ਇਸ ਗੁਰਵਾਕ ਅੰਦਰਿ ਹੋਰ ਭੀ ਜਿਤਨੇ ਦੇਵ ਦਾਨਵਾਂ ਦਾ ਜ਼ਿਕਰ ਆਇਆ ਹੈ ਉਹਨਾਂ ਸਭਨਾਂ ਦਾ ਗੁਰਮਤਿ ਤੋਂ ਵਾਂਝੇ ਰਹਿਣ ਕਰਕੇ ਬੁਰਾ ਹਾਲ ਹੋਵੇਗਾ ਤੇ ਬੁਰਾ ਹਾਲ ਰਹੇਗਾ । ਜਗਦੀਸ਼ ਵਾਹਿਗੁਰੂ ਪਰਮੇਸ਼ਰ ਦੀ ਉਹਨਾਂ ਉਤੇ ਨਦਰ ਮੇਹਰ ਜੇ ਨ ਹੋਈ ਤਾਂ ਉਹਨਾਂ ਦਾ ਰਖਵਾਲਾ ਇਸ ਦੁਰਦਸ਼ਾ ਚੋਂ ਕਢਣ ਲਈ ਕੋਈ ਨਹੀਂ ਬਣੇਗਾ । ਸਾਫ ਸਿੱਟਾ ਇਸ ਸ਼ਬਦ ਅੰਦਰ ਗੁਰੂ ਸਚੇ ਪਾਤਸ਼ਾਹ ਇਹੋ ਕਢਦੇ ਹਨ ਕਿ ਗੁਰੂ ਬਾਝੋਂ ਗਰਬ ਨਹੀਂ ਮੇਟਿਆ ਜਾਂਦਾ। ਗੁਰਮਤਿ ਦੁਆਰਾ ਵਾਹਿਗੁਰੂ ਦਾ ਨਾਮ ਜਪ ਕੇ ਸਚੇ ਧਰਮ ਅਤੇ ਸਚ ਧੀਰਜ ਦੀ ਪਰਾਪਤੀ ਹੁੰਦੀ ਹੈ। ਵਾਹਿਗੁਰੂ ਦਾ ਗੁਰਮਤਿ ਨਾਮ ਹੀ ਹੈ ਜੋ ਸਚੇ ਧਰਮ ਧੀਰਜ ਨੂੰ ਪ੍ਰਾਪਤ ਕਰਾਵਨਹਾਰਾ ਹੈ। ਵਾਹਿਗੁਰੂ ਦੇ ਨਾਮ ਦੀ ਬਰਕਤ ਨਾਲ ਹੀ ਗੁਰਮਤਿ ਧਰਮ ਧੀਰਜ ਦੀ ਪਰਾਪਤੀ ਹੁੰਦੀ ਹੈ ਜਿਸ ਨੂੰ ਵਾਹਿਗੁਰੂ ਦਾ ਨਾਮ ਮਿਲ ਜਾਂਦਾ ਹੈ ਉਹੀ ਵਾਹਿਗੁਰੂ ਦਾ ਜਸ ਗਾਉਂਦਾ ਹੈ । ਨਾਮ ਗੁਣ ਗੁਰੂ ਦੁਆਰਾ ਹੀ ਨਸੀਬ ਹੁੰਦੇ ਹਨ । ਤਾਂ ਤੇ ਗੁਰਮਤਿ ਦੇ ਦਰ ਤੋਂ ਬਿਨਾਂ ਕਲਿਆਣ ਹਰਗਿਜ਼ ਹਰਗਿਜ਼ ਕਿਸੇ ਵੀ ਵਡੇ ਤੋਂ ਵਡੇ ਵਡੇਰੇ ਆਨਮਤੀ ਆਗੂ ਨੇਤਾ ਦੀ ਨਹੀਂ ਹੋਈ ਜਦ ਆਨ-ਮਤੀ ਆਗੂਆਂ ਨੇਤਾਵਾਂ ਦਾ ਇਹ ਹਾਲ ਹੈ ਤਾਂ ਇਨ੍ਹਾਂ ਨੇਤਾਵਾਂ ਨੂੰ ਪੇਸ਼ਵਾ ਮੰਨਣ ਹਾਰੇ ਮੁਰੀਦਾਂ ਦਾ ਕੀ ਹਾਲ ਹੋਵੇਗਾ । ਬੜਾ ਹੀ ਦੁਰਗਤੀ ਭਰਿਆ ਮਾੜਾ ਮੰਦਾ ਹਾਲ ਰਹੇਗਾ ।

ਪੜਿ ਪੜਿ ਪੋਥੀ ਸਿਮ੍ਰਿਤਿ ਪਾਠਾ ।
ਬੇਦ ਪੁਰਾਣ ਪੜੈ ਸੁਣਿ ਥਾਟਾ ।
ਬਿਨੁ ਰਸ ਰਾਤੇ ਮਨੁ ਬਹੁ ਨਾਟਾ ।

ਜੀਹਨਾਂ ਨੇ ਬੇਦ ਪੁਰਾਣ ਸਿਮ੍ਰਿਤੀਆਂ ਆਦਿਕ ਪੋਥੀਆਂ ਨੂੰ ਪੜ੍ਹ ਪੜ੍ਹ ਕੇ ਘੋਖ ਘੋਖ ਕੇ ਪਾਠ ਕੀਤੇ ਅਤੇ ਇਹਨਾਂ ਨੂੰ ਪੜ੍ਹ ਸੁਣ ਕੇ ਬਹੁ ਪ੍ਰਕਾਰੀ ਥਾਟ ਥਟਾਏ ਬਣਾਵਟਾਂ ਬਣਾਈਆਂ ਓਹਨਾਂ ਦਾ ਮਨ ਭਟਕਦਾ ਹੀ ਰਿਹਾ ਕਿਉਂ ਕਿ ਉਹ ਗੁਰਮਤਿ ਨਾਮ ਦੀ ਪ੍ਰਾਪਤੀ ਬਿਨਾਂ ਸਚੇ ਰਸ ਵਿਚ ਰਤੇ ਹੀ ਨਹੀਂ ਗਏ । ਇਸ ਤੋਂ ਸਿਧ ਹੋਇਆ ਕਿ ਬੇਦ ਪੁਰਾਨ ਸ਼ਾਸਤ੍ਰ ਸਿਮ੍ਰਤੀਆਂ ਆਦਿ ਪੋਥੀਆਂ ਦੇ ਪੜ੍ਹਨ੍ਹਾਰਿਆਂ ਦੀ ਬੁਧੀ ਚੰਚਲ ਹੀ ਰਹਿੰਦੀ ਹੈ ।

ਗਉੜੀ ਮਹਲਾ ੧ ॥

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ।
ਬ੍ਰਹਮ ਕਮਲੁ ਪਇਆਲਿ ਨ ਪਾਇਆ ।
ਆਗਿਆ ਨਹੀ ਲੀਨੀ ਭਰਮਿ ਭੁਲਾਇਆ ।
ਜੋ ਉਪਜੈ ਸੋ ਕਾਲਿ ਸੰਘਾਰਿਆ ।
ਹਮ ਹਰਿ ਰਾਖੇ ਗੁਰਸਬਦੁ ਬੀਚਾਰਿਆ।੧।ਰਹਾਉ।
ਮਾਇਆ ਮੋਹੇ ਦੇਵੀ ਸਭਿ ਦੇਵਾ ।
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ।
ਓਹੁ ਅਬਿਨਾਸੀ ਅਲਖ ਅਭੇਵਾ ।
.........ਕਾਜ਼ੀ ਸੇਖ ਭੇਖ ਫਕੀਰਾ ।
ਵਡੇ ਕਹਾਵਹਿ ਹਉਮੈ ਤਨਿ ਪੀਰਾ ।
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ।੭।

ਗੁਰੂ ਦਸਮੇਸ਼ ਜੀ ਦੇ ਸ੍ਰੀ ਮੁਖਵਾਕ ਅਨੁਸਾਰ 'ਕਾਲ ਪਾਇ ਬ੍ਰਹਮਾ ਬਪੁ ਧਰਾ। ਕਾਲਿ ਪਾਇ ਸਿਵਜੂ ਅਵਤਰਾ' ਦੇ ਭਾਵ ਅਨੁਸਾਰ ਇਸ ਗੁਰਵਾਕ ਅੰਦਰਿ । ਆਨਮਤਿ ਪਰਬੋਧਨੀ ਮਨਮਤਿ ਖੰਡੋਧਨੀ ਦ੍ਰਿਸ਼ ਦਰਸਾਇਆ ਗਿਆ ਹੈ । ਜੋ


www.AKJ.Org

ਉਪਜਿਆ ਸੋ ਕਾਲ ਸੰਘਾਰਿਆ ਦੇ ਭਾਵ ਵਾਲੀ ਗਤੀ ਗੁਰਮਤਿ ਤੋਂ ਹੀਣੇ ਗੁਰ ਸ਼ਬਦ ਦੀਖਿਆ ਤੋਂ ਘੁਥੇ ਹੋਏ ਸਾਰੇ ਹੀ ਆਨਮਤੀ ਨੇਤਾਵਾਂ ਤੇ ਦੇਵਤਾਵਾਂ ਦੀ ਦੁਰਗਤੀ ਹੋਈ ਹੈ । ਓਹ ਤਾਂ ਅਧੋਗਤੀ ਦੀ ਸਫ ਵਿਚ ਹੀ ਲਪੇਟੇ ਗਏ । ਯਵਨ ਮਤ ਦੇ ਵਡੇ ਵਡੇਰੇ ਕਹਾਉਣ ਵਾਲੇ ਕਾਜ਼ੀਆਂ ਸ਼ੇਖਾਂ ਅਤੇ ਭੇਖੀ ਫ਼ਕੀਰਾਂ ਦੀ ਭੀ ਇਹੋ ਦੁਰਗਤੀ ਹੋਈ ਹੈ। ਸਚੇ ਸਤਿਗੁਰ ਦੀ ਥਾਪਣਾ ਮਿਲੇ ਬਿਨਾਂ ਸਭੇ ਹੀ ਰਸਾਤਲ ਨੂੰ ਗਏ ਹਨ ।

ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥
ਵਿਣੁ ਨਾਵੈ ਕੋ ਮੁਕਤਿ ਨ ਹੋਇ ॥

ਗੁਰਮਤਿ ਨਾਮ ਬਿਨਾਂ ਕੋਈ ਭੀ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ । ਸ਼ਾਸਤਰਾਂ ਸਿਮ੍ਰਿਤੀਆਂ ਆਦਿਕ ਅਨਮਤੀ ਪੁਸਤਕਾਂ ਦੇ ਬਣਾਉਣ ਅਤੇ ਪੜ੍ਹਨਹਾਰਿਆਂ ਦੀ ਭੀ ਇਹੋ ਅਧੋਗਤੀ ਹੋਈ। ਅਛੀ ਤਰ੍ਹਾਂ ਘੋਖ ਕੇ, ਸੋਧ ਕੇ, ਠੋਕ ਬਜਾ ਕੇ ਦੇਖ ਲਓ, ਇਹ ਆਨਮਤੀ ਪੁਸਤਕਾਂ ਅਤੇ ਏਹਨਾਂ ਆਨਮਤੀ ਪੁਸਤਕਾਂ ਦੇ ਪੜ੍ਹਨ ਸੁਣਨਹਾਰਿਆਂ ਦੀ ਇਹੀ ਦੁਰਗਤੀ ਹੋਈ, ਹੋਣੀ ਹੀ ਸੀ ਕਿਉਂਕਿ ਏਹਨਾਂ ਆਨਮਤਿ ਪੁਸਤਕਾਂ ਅੰਦਰਿ ਨਾਮ ਦਾ ਮੁਸ਼ਕ ਮਾਤਰ ਭੀ ਜ਼ਿਕਰ ਨਹੀਂ । ਨਾਮ ਹੀ ਸਭਨਾਂ ਦਾ ਨਿਸਤਾਰਕ ਹੈ । ਗੁਰਮਤਿ ਨਾਮ ਵਿਹੂਣੇ ਮੰਨੇ ਦੰਨੇ ਆਨਮਤੀਆਂ ਦੇ ਪੁਸਤਕ ਪੜ੍ਹਨ ਘੋਖਣਹਾਰੇ ਸਭੇ ਹੀ ਅਬਿਗਤਿ ਗਏ ਤੇ ਅਗੇ ਨੂੰ ਜਾਣਗੇ।

ਗਉੜੀ ਮਹਲਾ ੩ ॥

ਬ੍ਰਹਮਾ ਮੂਲੁ ਵੇਦ ਅਭਿਆਸਾ ।
ਤਿਸ ਤੇ ਉਪਜੇ ਦੇਵ ਮੋਹ ਪਿਆਸਾ ।
ਤ੍ਰੈ ਗੁਣ ਭਰਮੇ ਨਾਹੀ ਨਿਜ ਘਰ ਵਾਸਾ । ੧ ।
ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ।੧। ਰਹਾਉ ।
ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ।
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ।
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ । ੨ ।
ਮਨਮੁਖ ਅਗਿਆਨਿ ਕੁਮਾਰਗਿ ਪਾਏ ।
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ।
ਭਵਜਲਿ ਡੂਬੇ ਦੂਜੈ ਭਾਇ । ੩ ।
ਮਾਇਆ ਕਾ ਮੁਹਤਾਜੁ ਪੰਡਤਿ ਕਹਾਵੈ ।
ਬਿਖਿਆ ਰਾਤਾ ਬਹੁਤ ਦੁਖੁ ਪਾਵੈ ।
ਜਮ ਕਾ ਜੇਵੜਾ ਨਿਤ ਕਾਲੁ ਸੰਤਾਵੈ । ੪ ।

ਇਸ ਗੁਰਵਾਕ ਅੰਦਰ ਸਪਸ਼ਟ ਹੀ ਆਨਮਤਿ ਖੰਡਣ ਬੜ੍ਹ ਚੜ੍ਹ ਕੇ ਪੂਰਤ ਹੈ । ਬੇਦਾਂ ਦੇ ਬਕਤੇ ਰਚਤੇ ਹੋਣ ਦਾ ਮੂਲ ਮੁਢ ਬ੍ਰਹਮਾ ਹੈ । ਏਹਨਾਂ ਵੇਦਾਂ ਅੰਦਰਿ ਮਾਇਆਵੀ ਤ੍ਰੈਗੁਣਾਂ ਰੂਪੀ ਭੰਗਾਰ ਦਾ ਵਿਸਥਾਰ ਹੀ ਭਰਿਆ ਪਿਆ ਹੈ । ਤ੍ਰੈ ਗੁਣਾਂ ਅੰਦਰਿ ਭਰਮਣ ਹਾਰਿਆਂ ਦੀ ਕਦੇ ਭੀ ਸਦ ਗਤੀ ਨਹੀਂ ਹੋ ਸਕਦੀ। ਸੋ ਬਿਚਾਰੇ ਬੇਦ ਅਭਿਆਸੀ ਬੇਦ ਭਗਤ ਅਤੇ ਪੰਡਤਿ ਬ੍ਰਹਮਾ ਤਾਂਈ ਭੀ ਸਭ ਭਰਮਦੇ ਹੀ ਫਿਰਦੇ ਰਹੇ। ਮਮਤਾ ਮਈ ਮੋਹ ਪਿਆਸ ਦੇ ਦੁਬੈਲ ਹੋ ਕੇ ਫੋਕੇ ਦਮਗਜੇ ਹੀ ਮਾਰਦੇ ਰਹੇ । ਓਹਨਾਂ ਤੋਂ ਸਰਿਆ ਸੁਰਿਆ ਕੁਛ ਨਹੀਂ । ਸਤਿਗੁਰੂ ਦੇ ਮਿਲਾਪ ਬਾਝਹੁ ਏਹਨਾਂ ਬਿਦਤਾਂ ਤੋਂ ਰਖਸ਼ਾ ਕਿਸੇ ਦੀ ਭੀ ਨਹੀਂ ਹੋਈ ਨ ਹੋਣੀ ਹੈ। ਸਤਿਗੁਰੂ ਦੀ ਸਿਖਸ਼ਾ ਦੇ ਮੰਨਣਹਾਰੇ ਗੁਰਸਿਖਾਂ ਸੇਵਕਾਂ ਦੀ ਸੁਤੇ ਸੁਭਾਵ ਹੀ ਰਖਸ਼ਾ ਹੋਈ ਮੰਨੀ ਪ੍ਰਮੰਨੀ ਗਈ ਹੈ । ਗੁਰੂ ਘਰ ਦੇ ਗੁਰਸਿਖਾਂ ਸੇਵਕਾਂ ਦੀ ਪ੍ਰਤੱਖ ਰਖਸ਼ਾ ਦੀ ਹਾਮੀ ਏਹਨਾਂ ਗੁਰ ਪੰਗਤੀਆਂ ਤੋਂ ਸਾਫ਼ ਸਿਧ ਹੈ–'ਹਮ ਹਰਿ ਰਾਖੇ ਸਤਿਗੁਰੂ ਮਿਲਾਇਆ । ਅਨਦਿਨ ਭਗਤਿ ਰਹਿਆ ਦ੍ਰਿੜਾਇਆ ।' ਜੋ ਜੋ ਭੀ ਗੁਰੂ ਦੇ ਸਿਖ ਹੋਏ ਓਹ ਸਤਿਗੁਰੂ ਦੀ ਸਿਖਲਾਈ ਹੋਈ ਗੁਰੂ ਤੋਂ ਮਿਲੀ ਹੋਈ ਗੁਰ ਦੀਖਿਆ ਦੇ ਕਾਰਨ ਸਦਾ ਹੀ ਸਦਗਤੀ ਨੂੰ ਪ੍ਰਾਪਤਿ ਹੁੰਦੇ ਰਹੇ ਤੇ ਹੋਣਗੇ, ਕਿਉਂਕਿ ਹਰਦਮ ਓਹ ਗੁਰਮਤਿ ਨਾਮ ਦੇ ਦ੍ਰਿੜ ਹੋਣ ਕਰ ਕੇ ਭਾਉ ਭਗਤੀ ਵਿਚ ਹੀ ਉਹਨਾਂ ਦੀ ਬਿਰਤੀ ਅਸਥਿਰ ਰਹੀ ਅਤੇ ਸਦਾ ਰਹੇਗੀ। ਬ੍ਰਹਮਾ ਦੀ ਰਚੀ ਹੋਈ ਬੇਦ ਬਾਣੀ ਤ੍ਰੈਗੁਣਾਂ ਦੇ ਮਾਇਕ ਜੰਜਾਲ ਦਾ ਝਗੜਾ ਰਗੜਾ ਹੀ ਹੈ । ਏਹਨਾਂ ਦੇ ਪੜ੍ਹਨ ਸੁਣਨਹਾਰੇ ਬਾਦ


www.AKJ.Org

ਬਿਬਾਦ ਦੀ ਖਲਜਗਨ ਵਿਚ ਰੁਝੇ ਰਹੇ ਤੇ ਰਹਿਣਗੇ। ਏਹਨਾਂ ਬਾਦ ਬਿਬਾਦੀਆਂ ਦੇ ਸਿਰ ਤੇ ਜਮ ਦਾ ਡੰਡਾ ਵਜਦਾ ਹੀ ਰਹੇਗਾ। ਆਤਮ ਤੱਤ ਦਾ ਚੀਨਣਾ ਤਾਂ ਬੇਦਾਂ ਤੇ ਏਹਨਾਂ ਦੇ ਪੜ੍ਹਨ ਹਾਰਿਆਂ ਤੋਂ ਬਹੁਤ ਦੂਰ ਰਹਿ ਗਿਆ ਹੈ। ਏਹ ਫੋਕਟ ਭੂਸ ਪਰਾਲੀ ਦੀਆਂ ਪੰਡਾਂ ਹੀ ਚੁਕੀ ਫਿਰਦੇ ਰਹੇ ਹਨ ਤੇ ਚੁਕੀ ਫਿਰਦੇ ਰਹਿਣਗੇ। ਇਹ ਮਨਮੁਖੀ ਅਗਿਆਨੀ ਪੁਰਸ਼ ਏਹਨਾਂ ਦੀ ਕਰਮਗਤੀ ਅਨੁਸਾਰ ਕੁਮਾਰਗ ਪਾਏ ਹੋਏ ਕੁਮਾਰਗ ਹੀ ਪਏ ਰਹਿਣਗੇ। ਬੇਦਾਂ ਵਿਖੇ ਆਨਮਤੀ ਕਰਮ ਕਾਂਡ ਹੀ ਬਹੁਤ ਕਰ ਕੇ ਦ੍ਰਿੜਾਏ ਗਏ ਹਨ। ਨਾਮ ਉਕਾ ਹੀ ਵਿਸਾਰਿਆ ਗਿਆ ਹੈ। ਏਹਨਾਂ ਦੇ ਪੜ੍ਹਾਕੂਆਂ ਨੂੰ ਨਾਮ ਕਿਥੋਂ ਪ੍ਰਾਪਤ ਹੋ ਸਕਦਾ ਹੈ? ਬਸ, ਭਉਜਲ ਅੰਦਰਿ ਹੀ ਡੁਬਦੇ ਰਹਿਣਗੇ। ਨਿਰੀ ਦੂਜੇ ਭਾਇ ਦੀ ਵਿਦਿਆ ਹੀ ਵੇਦਾਂ ਅੰਦਰਿ ਭਰੀ ਹੋਈ ਹੋਣ ਕਰ ਕੇ ਇਸ ਦੂਜੇ ਭਾਇ ਦੇ ਡੂੰਘ ਖਾਤੇ ਵਿਚ ਹੀ ਗਰਕ ਰਹਿਣਗੇ। ਬਹੁਤ ਗਰਕੀ ਵਾਲੀ ਗਲ ਇਹ ਹੈ ਕਿ ਵੇਦਾਂ ਦੇ ਬਕਤੇ ਪਾਠੀ ਨਿਰੇ ਮਾਇਆ ਦੇ ਮੁਥਾਜ ਹੁੰਦੇ ਹੋਏ ਭੀ ਓਹ ਆਪਣੇ ਆਪ ਨੂੰ ਵੇਦ ਬੇਤਾ ਪੰਡਤਿ ਕਹਾਉਣ ਵਿਚ ਬੜਾ ਫ਼ਖ਼ਰ ਸਮਝਦੇ ਹਨ, ਹਾਲਾਂਕਿ ਫ਼ਖ਼ਰ ਨਿਰਾ ਫੋਕਾ ਅਫਰੇਮਾ ਹੀ ਹੈ। ਮਾਇਆ ਦਾ ਮੁਥਾਜ ਪੰਡਿਤ ਕਹਾਉਣ ਵਾਲਾ ਪੁਰਸ਼ ਬਿਖਿਆ ਵਿਚ ਰੱਤਾ ਪੱਤਾ ਰਹਿਣ ਕਰਕੇ ਬਹੁ ਪਰਕਾਰੀ ਦੁਖ ਸਹਿੰਦਾ ਸਹਾਰਦਾ ਹੈ। ਅਣਹੋਈਆਂ ਸੱਟਾਂ ਖਾਂਦਾ ਹੈ। ਜਮ ਦੇ ਜੇਵੜੇ ਨਾਲ ਉਹ ਜਕੜਿਆ ਹੀ ਰਹਿੰਦਾ ਹੈ ਅਤੇ ਖਿਨ ਖਿਨ ਕਾਲ ਦਾ ਡਰ ਉਸਨੂੰ ਸਤਾਉਂਦਾ ਹੀ ਰਹਿੰਦਾ ਹੈ। ਇਸ ਬਿਧ ਉਹ ਮਿੰਟ ਮਿੰਟ ਦੀ ਮੌਤੇ ਮਰਦਾ ਰਹਿੰਦਾ ਹੈ।

ਗਉੜੀ ਮਹਲਾ ੩ ॥

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ।
ਅੰਤਰਿ ਤਾਮਸੁ ਆਪੁ ਨ ਪਛਾਣੈ।
ਤਾ ਪ੍ਰਭ ਪਾਏ ਗੁਰ ਸਬਦੁ ਵਖਾਣੈ।੧।

ਹਿੰਦੂਆਂ ਦੀਆਂ ਆਨਮਤ ਪੁਸਤਕਾਂ ਵਿਚ ਨਿਰਾ ਵਾਦ ਵਿਵਾਦ-ਮਈ ਭੂਸ ਪਰਾਲ ਹੀ ਭਰਿਆ ਪਿਆ ਹੈ। ਹੋਰ ਤਾਂ ਹੋਰ ਵੇਦਾਂ ਵਿਚ ਭੀ ਇਹੋ ਕੁਛ ਹੈ। ਬ੍ਰਹਮਾ ਆਨਮਤੀ ਹਿੰਦੂਆਂ ਦਾ ਮੰਨਿਆ ਪ੍ਰਮੰਨਿਆਂ ਦੇਵਤਾ ਸਾਰੀ ਉਮਰ ਵੇਦ ਪੜਦਾ ਰਿਹਾ ਤੇ ਵਾਦ ਹੀ ਵਖਾਣਦਾ ਰਿਹਾ। ਵੇਦਾਂ ਵਿਚ ਹੋਰ ਧਰਿਆ ਕੀ ਪਿਆ ਹੈ? ਐਵੇਂ ਊਟ ਪਟਾਂਗ ਦਾ ਫੋਕਾ ਭੂਸ ਹੀ ਭਰਿਆ ਪਿਆ ਹੈ। ਸਗੋਂ ਵੇਦ ਪੜ੍ਹਦੇ ੨ ਵਖਾਣਦੇ ੨ ਉਸ ਦਾ ਤਮੋ ਗੁਣ (ਕ੍ਰੋਧ) ਰੂਪੀ ਤਾਮਸ ਪਿੱਤਾ ਹੀ ਵਧ ਗਿਆ। ਹੰਕਾਰ ਨਾਲ ਫੁਲ ਕੇ ਡੋਡਾ ਹੋ ਗਿਆ ਤੇ ਆਪੇ ਤੋਂ ਬਾਹਰ ਹੋ ਗਿਆ। ਆਪਾ ਪਛਾਨਣਾ ਤਾਂ ਕੀ ਸੀ ਆਪਾ ਭੁਲ ਹੀ ਗਿਆ। ਵਾਹਿਗੁਰੂ ਦੀ ਪਰਾਪਤੀ ਲਈ ਬੇਦਾਂ ਦਾ ਪੜ੍ਹਨਾ ਵਖਾਨਣਾ ਬਿਲਕੁਲ ਫ਼ਜ਼ੂਲ ਹੈ। ਵਾਹਿਗੁਰੂ ਦੀ ਪ੍ਰਾਪਤੀ ਕਰਨ ਲਈ ਕੇਵਲ ਗੁਰਮਤਿ ਹੀ ਸਹਾਈ ਹੋ ਸਕਦੀ ਹੈ। ਗੁਰਮਤਿ ਗੁਰਬਾਣੀ ਅੰਦਰਿ ਰਵਿਆ ਹੋਇਆ ਗੁਰਮਤਿ ਗੁਰ ਸਬਦ ਵਖਾਣਿਆ ਸੁਆਸ ਸੁਆਸ ਅਭਿਆਸਿਆ ਜਾਵੇ। ਗੁਰੂ ਤੋਂ ਦੀਖਿਆ ਲੈ ਕੇ ਅਭਿਆਸਿਆ ਜਾਵੇ ਤਦ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਬ੍ਰਹਮਾਂ ਭੀ ਜੇ ਪੂਰਨ ਗੁਰ ਸਿਖ ਗੁਰੂ ਦਾ ਸੇਵਕ ਗੁਰ ਸ਼ਬਦ ਅਭਿਆਸੀ ਹੋ ਜਾਵੇ ਤਦ ਹੀ ਪਰਮਾਰਥ ਦੇ ਸਚੇ ਮਾਰਗ ਨੂੰ ਪ੍ਰਾਪਤ ਹੋ ਸਕਦਾ ਹੈ ਨਹੀਂ ਤਾਂ ਭਾਵੇਂ ਜੁਗਾਂ ਪਰਯੰਤ ਵੇਦਾਂ ਨਾਲ ਟੱਕਰਾਂ ਮਾਰੀ ਜਾਵੇ ਕੁਝ ਨਹੀਂ ਬਣੇਗਾ।


www.AKJ.Org

# ਅੰਮ੍ਰਿਤ ਤੇ ਖਾਲਸਾ

(ਵਲੋਂ–ਪ੍ਰਿੰਸੀਪਲ ਮਿਹਰ ਸਿੰਘ ਜੀ ਡੇਹਰਾਦੂਨ (ਯੂ.ਪੀ.)

## ਅੰਮ੍ਰਿਤ ਦਾ ਅਸਰ

ਭਾਵੇਂ ਸਾਫ ਤੇ ਸਪਸ਼ਟ ਗਲ ਦਾ ਵਰਨਣ ਕਰਨਾ ਜ਼ਰੂਰੀ ਨਹੀਂ ਹੁੰਦਾ ਪਰ ਫੇਰ ਵੀ ਕੁਝ ਸਜਨਾਂ ਦੇ ਮਨਾਂ ਦੇ ਭੁਲੇਖੇ ਦੂਰ ਕਰਨ ਵਾਸਤੇ ਤੇ ਉਹਨਾਂ ਦੇ ਮਨਾਂ ਤੇ ਗਹਰਾ ਅਸਰ ਪਾਣ ਲਈ ਅੰਮ੍ਰਿਤ ਦੀ ਮਹਾਨਤਾ ਦੇ ਬਾਰੇ ਕੁਝ ਕੁ ਲਿਖਣਾ ਜ਼ਰੂਰੀ ਹੀ ਸੋਚਿਆ ਗਿਆ ਹੈ। ਅੰਮ੍ਰਿਤ ਐਸੀ ਅਲੋਮਕ ਤੇ ਨਾਯਾਬ ਚੀਜ਼ ਹੈ ਜੋ ਮੁਰਦੇ ਨੂੰ ਜ਼ਿੰਦਾ ਕਰਦੀ ਹੈ। ਕੇਵਲ ਜ਼ਿੰਦਾ ਹੀ ਨਹੀਂ ਕਰਦੀ ਬਲਕਿ ਹੋਰ ਨਵੀਂ ਪ੍ਰਕਾਰ ਦੀ ਜ਼ਿੰਦਗੀ ਬਖ਼ਸ਼ਦੀ ਹੈ। ਜਿਥੋਂ ਤਕ ਮਾਇਕ ਜੀਵਨ ਦਾ ਸੰਬੰਧ ਹੈ ਮਨੁਖ ਉਸ ਤੋਂ ਆਨੰਦ ਲੈਂਦਾ ਹੈ ਪਰ ਅੰਮ੍ਰਿਤ ਛਕਣ ਤੋਂ ਮਗਰੋਂ ਨਵੀਂ ਜ਼ਿੰਦਗੀ ਅੰਮ੍ਰਿਤ ਧਾਰੀ ਸਹੀ ਅਰਥਾਂ ਵਿਚ ਗੁਰਮਤਿ ਦਾਇਰੇ ਅੰਦਰ ਗੁਜ਼ਾਰਦਾ ਹੈ ਉਸਨੂੰ ਉਹ ਹੀ ਜਾਣਦਾ ਹੈ ਕਿ ਕਿਤਨੀ ਅਨੰਦਦਾਇਕ ਤੇ ਰਸ ਪੂਰਨ ਹੁੰਦੀ ਹੈ। ਗੁਰਵਾਕ ਅਨੁਸਾਰ–'ਅੰਮ੍ਰਿਤ ਦੀ ਸਾਰ ਸੋਈ ਜਾਨੈ, ਅੰਮ੍ਰਿਤ ਕਾ ਵਾਪਾਰੀ ਹੋਵੈ।' ਇਸਨੂੰ ਅੰਮ੍ਰਿਤਧਾਰੀ ਅੰਦਰੋਂ ਹੀ ਅੰਦਰ ਅਨੁਭਵ ਕਰਕੇ ਇਸਦਾ ਰਸਪਾਨ ਕਰਦਾ ਹੈ। ਇਸ ਵਾਸਤੇ (theory) ਕੰਮ ਨਹੀਂ ਦੇਂਦੀ। ਅਜ਼ਮਾਇਸ਼ ਸ਼ਰਤ ਹੈ। ਇਸ ਨਵਜੀਵਨ ਵਿਚ ਮਨੁਖ ਪਹਿਲੇ ਬੀਤ ਗਈ ਜ਼ਿੰਦਗੀ ਤੇ ਅਫਸੋਸ ਕਰਦਾ ਹੈ ਤੇ ਕਹਿੰਦਾ ਹੈ ਕਾਸ਼! ਮੈਨੂੰ ਇਹ ਚੀਜ਼ ਪਹਿਲੇ ਮਿਲ ਗਈ ਹੁੰਦੀ ਪਰ ਚੂੰਕਿ ਕੁਦਰਤ ਦੇ ਕਾਨੂੰਨ ਅਨੁਸਾਰ ਹਰ ਇਕ ਚੀਜ਼ ਅਪਣੇ ਮਿਥੇ ਸਮੇਂ ਤੇ ਮਨੁਖ ਨੂੰ ਪ੍ਰਾਪਤ ਹੁੰਦੀ ਹੈ ਕਿਉਂ ਜੋ ਐਸੀ ਚੀਜ਼ ਦੀ ਪ੍ਰਾਪਤੀ ਵਿਚ ਮਨੁਖ ਦੀ ਕਰਮ ਗਤਿ ਦਾ ਬਹੁਤ ਹੀ ਹਥ ਹੁੰਦਾ ਹੈ।

ਜਿਵੇਂ ਇਕ ਸ਼ਹਿਦ ਦੀ ਮਖੀ ਭੂੰ ਭੂੰ ਕਰਦੀ ਫਿਰਦੀ ਸ਼ਹਿਦ ਦੀ ਖੋਜ ਵਿਚ ਉਤਾਵਲੀ ਹੋਈ ਰਹਿੰਦੀ ਹੈ। ਪਰ ਜਦੋਂ ਉਸਨੂੰ ਸ਼ਹਿਦ ਮਿਲ ਜਾਂਦਾ ਹੈ, ਉਸਦੀ ਭੂੰ ਭੂੰ ਬੰਦ ਹੋ ਜਾਂਦੀ ਹੈ। ਠੀਕ ਇਸ ਤਰ੍ਹਾਂ ਹੀ ਮਨੁਖ ਅੰਮ੍ਰਿਤ ਦੀ ਦਾਤ ਪਾ ਕੇ ਬਾਹਰ ਭਟਕਨਾ ਬੰਦ ਕਰ ਦਿੰਦਾ ਹੈ। ਗੁਰੂ ਦੀ ਕ੍ਰਿਪਾ ਪ੍ਰਾਪਤ ਕਰਕੇ ਉਹ ਅੰਤਰਮੁਖ ਹੋ ਜਾਂਦਾ ਹੈ। ਪਰ ਜੇ ਸਹੀ ਵਿਧੀ ਨਾਲ ਉਸਨੇ ਅੰਮ੍ਰਿਤ ਵਿਧੀ ਨਾਲ ਪੰਜਾਂ ਪਿਆਰਿਆਂ ਕੋਲੋਂ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਛਕਿਆ ਹੈ ਅੰਮਿਤ ਦੀ ਪਾਰਸ ਕਲਾ ਉਸਦੀ ਅੰਦਰਲੀ ਬਿਰਤੀ ਨੂੰ ਮਾਂਜਨ ਦਾ ਕੰਮ ਕਰੇਗੀ ਤੇ ਉਸਦੀਆਂ ਗਿਆਨ ਇੰਦੀਆਂ ਨੂੰ ਆਤਮਕ-ਰਸ ਗ੍ਰਹਿਣ ਕਰਨ ਵਿਚ ਰੋਚਕ ਹੋਵੇਗੀ।

ਜਦੋਂ ਸਿਖ ਦੇ ਮਨ ਦੀ ਦਸ਼ਾ ਬਦਲੇਗੀ ਉਸ ਨੂੰ ਬਾਣੀ ਪੜ੍ਹਨ ਵਿਚ ਰਸ ਆਵੇਗਾ, ਗਿਆਨ ਦਾ ਦਰਵਾਜ਼ਾ ਉਸ ਤੇ ਖੁਲੇਗਾ। ਉਹ ਫਿਰ ਆਪ ਹੀ ਮਹਿਸੂਸ ਕਰੇਗਾ ਕਿ ਉਸਨੂੰ ਜੋ ਗੁਰਮਤਿ ਗਿਆਨ ਦੀ ਸੁਤੇ ਪ੍ਰਕਾਸ਼ ਹੋ ਰਹੀ ਹੈ ਇਹ ਸਭ ਕੁਝ ਅੰਮ੍ਰਿਤ ਦੀ ਬਰਕਤ ਹੈ। ਵੈਸੇ ਤਾਂ ਇਹ ਗਲ ਭਾਗਾਂ ਤੇ ਮੁਕਦੀ ਹੈ। ਅੰਮ੍ਰਿਤ ਦੀ ਪ੍ਰਾਪਤੀ ਭਾਗਾਂ ਤੋਂ ਬਿਨਾਂ ਨਹੀਂ ਹੁੰਦੀ। ਪਰ ਸਭ ਤੋਂ ਜ਼ਿਆਦਾ ਬਦਕਿਸਮਤੀ ਮਨੁਖ ਦੀ ਉਦੋਂ ਸਮਝੀ ਜਾਂਦੀ ਹੈ ਜਦੋਂ ਉਹ ਅੰਮ੍ਰਿਤ ਛਕ ਕੇ ਵੀ ਕਮਾਈ ਹੀਨਾਂ ਰਹੇ ਤੇ ਕੁਝ



www.AKJ.Org

ਮਾਇਆ ਦੇ ਫੰਦੇ ਕਰਕੇ ਤੇ ਚੰਗੀ ਸੰਗਤ ਦੇ ਨ ਹੋਣ ਕਰਕੇ ਅੰਮ੍ਰਿਤ ਜੈਸੀ ਚੀਜ਼ ਦੇ ਅਸਰ ਤੋਂ ਖਾਲੀ ਹੀ ਰਹਿ ਜਾਂਦਾ ਹੈ ਤੇ ਗੁਰਵਾਕਾਂ ਅਨੁਸਾਰ :

ਤੱਤੀ ਤੋਏ ਨ ਪਲਰੇ, ਜੇ ਜਲ ਟੁਬੀ ਦੇਇ ।
ਜੋ ਡੋਹਾਗਨ ਰਬ ਦੀ ਝੂੰਰੇਦੀ ਝੂਰੇਇ ।

ਉਹ ਦੁਖੀ ਹੀ ਹੈ, ਭਾਵ ਆਤਮਾਂ ਦੀ ਸ਼ਾਂਤੀ ਤੋਂ ਵਾਂਝਿਆ ਰਹਿੰਦਾ ਹੈ । ਸੋ ਅੰਮ੍ਰਿਤ ਦਾ ਅਸਰ ਅਲਗ ਅਲਗ ਮਨੁਖਾਂ ਦੇ ਅਲਗ ਅਲਗ ਹੁੰਦਾ ਹੈ ਤੇ ਰੰਗ ਵੀ ਵਖਰਾ ਵਖਰਾ ਚੜ੍ਹਦਾ ਹੈ ।

ਸੇਵਾ, ਅੰਮ੍ਰਿਤਧਾਰੀ ਲਈ ਇਤਨੀ ਹੀ ਜ਼ਰੂਰੀ ਹੈ ਜਿਤਨਾ ਕਿ ਪਾਠ ਕਰਨਾ । ਸੇਵਾ ਨਾਲ ਮੰਨ ਦਾ ਜੰਗਾਲ ਲਹਿੰਦਾ ਹੈ ਤੇ ਜਦੋਂ ਉਸਦਾ ਮਨ ਮਾਂਜਿਆ ਜਾਂਦਾ ਹੈ ਗੁਰਬਾਣੀ ਦੇ ਭਾਗਾਂ ਨੂੰ ਛੇਤੀ ਗ੍ਰਹਿਣ ਕਰਦਾ ਹੈ । ਪਰ ਸੇਵਾ ਖਿੰਡੀ ਬਿਰਤੀ ਨਾਲ ਨ ਕਰੇ । ਅਪਨੇ ਨਿਸ਼ਾਨੇ ਵਲ ਧਿਆਨ ਰਖ ਕੇ ਸੇਵਾ ਕਰੇ ਤਾਂ ਹੀ ਇਸਦੇ ਫਲ ਦਾ ਅਧਿਕਾਰੀ ਹੋ ਸਕਦਾ ਹੈ । ਪਾਪਾਂ ਦਾ ਨਾਸ ਤਾਂ ਅੰਮ੍ਰਿਤ ਛਕਨ ਵੇਲੇ ਹੀ ਹੋ ਜਾਂਦਾ ਹੈ ਅਤੇ ਉਸ ਤੋਂ ਮਗਰੋਂ ਹੀ ਸਿਖ ਅਪਣੇ ਖਾਲਸ ਰੂਪ ਵਿਚ ਬਦਲ ਜਾਂਦਾ ਹੈ । ਅੰਮ੍ਰਿਤ ਦਾ ਅਸਰ ਤੇ ਬੇਹਦ ਹੈ । ਇਥੇ ਇਸ਼ਾਰੇ ਮਾਤ੍ਰ ਸੰਖੇਪ ਰੂਪ ਤੇ ਲਿਖਿਆ ਗਿਆ ਹੈ । ਇਹ ਬਿਆਨ ਹੋ ਨਹੀਂ ਸਕਦਾ । ਇਹ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ।

## ਅੰਮ੍ਰਿਤ ਦੀ ਸੰਭਾਲ

ਜੇਹੜੀ ਚੀਜ਼ ਭਾਗ ਦੇ ਉਦੇ ਹੋਣ ਤੇ ਅਪਣੇ ਹੀਲੇ ਤੋਂ ਬਾਹਰ ਹੋਵੇ, ਉਸਦੀ ਕਦਰ ਕਰਨਾ ਮਨੁਖ ਵਾਸਤੇ ਕੁਦਰਤੀ ਤੌਰ ਤੇ ਉਸਦੇ ਜੀਵਨ ਲਈ ਹੀ ਜ਼ਰੂਰੀ ਹੁੰਦੀ ਹੈ । ਗੁਰੂ-ਕ੍ਰਿਪਾ ਤੇ ਪੂਰਬਲੇ ਕਰਮ ਮਿਲ ਕੇ ਇਸ ਦਾਤ ਦਾ ਦਰਵਾਜ਼ਾ ਸਿਖ ਵਾਸਤੇ ਖੋਲ੍ਹਦੇ ਹਨ । ਸੋ ਇਸਦੀ ਸੰਭਾਲ ਵੀ ਇਤਨੀ ਹੀ ਜ਼ਰੂਰੀ ਹੈ ਜਿਤਨੀ ਕਿ ਇਸਦੀ ਪ੍ਰਾਪਤੀ ।

ਗੁਰਬਾਣੀ ਤੇ ਨਾਮ ਸਿਮਰਨ ਦੀ ਮਤਾਵਤਰ ਬਾਰਸ਼ ਦੇ ਨਾਲ ਅੰਮ੍ਰਿਤ ਤੇ ਬ੍ਰਿਛ ਉਤੇ ਸਦਾ ਬਹਾਰ ਰਹਿ ਸਕਦੀ ਹੈ । ਸਾਫ ਸਵਛ ਕਮਾਈ, ਉਚਾ ਤੇ ਸੁਚਾ ਗੁਰਸਿਖਾਂ ਵਾਲਾ ਜੀਵਨ ਤੇ ਗੁਰੂ ਸੇਵਾ ਨਾਲ ਹੀ ਨਾਮ ਅਭਿਆਸ ਵਾਲੀ ਬਿਰਤੀ ਵਾਲਾ ਸਿਖ ਇਸ ਚੀਜ਼ ਨੂੰ ਸੰਭਾਲ ਕੇ ਰਖ ਸਕਦਾ ਹੈ । ਰਹਿਤਾਂ ਤਾਂ ਇਸ ਦੀਆਂ ਜਿੰਦ-ਜਾਨ ਹਨ । ਰਹਿਤ ਗੁਰਸਿਖ ਉਤੇ ਗੁਰੂ ਦੀ ਛਾਪ ਹੈ । ਜੇ ਸਿਕੇ ਤੇ ਛਾਪ ਨ ਹੋਵੇ ਜਾਂ ਉਹ ਘਸ ਜਾਵੇ ਤਾਂ ਸਿਕਾ ਨਹੀਂ ਚਲਦਾ, ਬੇਕਾਰ ਹੋ ਜਾਂਦਾ ਹੈ । ਇਸੇ ਤਰ੍ਹਾਂ ਸਿਖ ਰਹਿਤ ਹੀਨ ਹੋਣ ਕਰਕੇ ਯਾ ਰਹਿਤ ਵਿਚ ਜਾਣ ਬੁਝ ਕੇ ਕੋਤਾਹੀ ਕਰਨ ਕਰਕੇ ਅਪਣੀ ਪਦਵੀ ਤੋਂ ਨੀਵਾਂ ਖਿਸਕ ਜਾਂਦਾ ਹੈ । ਗੁਰੂ ਘਟ ਘਟ ਦੀ ਜਾਨਣ ਵਾਲਾ ਹੈ । ਦਿਖਾਵੇ ਦੀ ਰਹਿਤ ਗੁਰਸਿਖ ਨੂੰ ਖਾਲੀ ਢੋਲ ਵਾਗੂੰਕਰ ਦੇਂਦੀ ਹੈ ਅਤੇ ਢੋਲ ਦਾ ਪੋਲ ਇਕ ਦਿਨ ਆਪ ਹੀ ਖੁਲ੍ਹ ਜਾਂਦਾ ਹੈ । ਰਹਿਤ ਦਿਲੀ-ਪ੍ਰੇਮ ਨਾਲ ਰਖੀ ਜਾਵੇ ਅਤੇ ਰਹਿਤਾਂ ਦਾ ਪ੍ਰੇਮ, ਇਸ਼ਕ ਦੀ ਹੱਦ ਤਕ ਪਹੁੰਚ ਜਾਵੇ ਤਾਂ ਫਿਰ ਸਿਖ ਚੜ੍ਹਦੀ-ਕਲਾ ਵਿਚ ਰਹਿ ਸਕਦਾ ਹੈ । ਸਿਖ ਰਹਿਤ ਨੂੰ ਸਰੀਰ ਦੇ ਅੰਗ ਸਮਝ ਕੇ ਇਸ ਤੋਂ ਵਿਛੜਨ ਦਾ ਦੁਖ ਅਨਭਵ ਕਰੇ । ਸੋ ਰਹਿਤ ਦੀ ਸੰਭਾਲ, ਅੰਮ੍ਰਿਤ ਦੀ ਸੰਭਾਲ ਦਾ ਜ਼ਰੂਰੀ ਅੰਗ ਹੈ । ਕਿਸੇ ਵੇਲੇ ਤਾਂ ਉਸ ਗੁਰੂ ਦੀ ਬਖ਼ਸ਼ਿਸ਼ ਰਹਿਤ ਵਿਚ ਪ੍ਰਪੱਕ ਰਹਿਣ ਵਾਲੇ ਭੋਲੇ ਭਾਲੇ, ਅਨਪੜ੍ਹ ਸਿੰਘ ਉਤੇ ਵਧੇਰੀ ਹੋ ਜਾਂਦੀ ਹੈ ਕਿਉਂ ਜੋ ਉਹ ਬਾਣੀ ਪੜ੍ਹਨ ਦੀ ਸਮਰਥਾ ਨਾਂ ਰਖਦਾ ਹੋਇਆ ਅਪਣਾ ਸਾਰਾ ਪਿਆਰ ਰਹਿਤ ਪਾਲਨ ਤੇ ਕੇਂਦ੍ਰਿਤ ਕਰਦਾ ਹੈ । ਉਸਦੇ ਦਿਲ ਦੀ ਪੱਟੀ ਸਾਫ਼ ਹੋਣ ਕਰਕੇ ਉਹ ਗੁਰ-ਆਗਿਆ ਪਾਲਨ ਵਾਲਾ ਭੌਰਾ ਆਪ ਆਗਿਆ-ਪਾਲਨ ਰੂਪ ਹੋ ਕੇ ਆਗਿਆ-ਬਖ਼ਸ਼ਨ ਵਾਲੇ ਨਾਲ ਇਕ-ਮਿਕ ਹੋ ਜਾਂਦਾ ਹੈ । 'ਹੁਕਮ ਮਨਿ ਹੋਵੈ ਪ੍ਰਵਾਨ ਤਾ ਖਸਮੈ ਕਾ ਮਹਿਲ ਪਾਇਸੀ' ਦੇ ਅਨੁਸਾਰ ਉਹ ਸਿਖ ਅਪਣੇ ਬਖ਼ਸ਼ਣਹਾਰ-ਹੁਕਮੀ ਨੂੰ ਪਿਆਰੇਗਾ ।

ਕੁਰਹਿਤਾਂ ਤੋਂ ਬਚਣਾ ਅੰਮ੍ਰਿਤ ਦੀ ਸੰਭਾਲ ਦਾ ਮਹੱਤਵ-ਪੂਰਨ ਅੰਗ ਹੈ । ਇਹ ਕਿਵੇਂ ? ਜ਼ਰਾ ਧਿਆਨ ਦੇਣਾ । ਅੰਮ੍ਰਿਤ ਛਕਣ ਵੇਲੇ ਜਦੋਂ ਸਿਖ,



www.AKJ.Org

ਗੁਰੂ ਨਾਲ ਪ੍ਰਣ ਕਰਦਾ ਹੈ ਕਿ ਇਹ ਸਿਰ ਤੇਰਾ ਹੈ ਇਹ ਮਨ ਤੇਰਾ ਹੈ ਤੇ ਹਿਰਦੇ ਦੇ ਪ੍ਰੇਮ ਦੀ ਜੋਤ ਦਾ ਦੀਪਕ ਵੀ ਤੇਰਾ ਹੈ। ਇਹ ਤੇਰੀ ਹੀ ਅਮਾਨਤ ਹੈ। ਫਿਰ ਉਹ ਉਸ ਸਮੇਂ ਤੋਂ ਮਗਰੋਂ ਸ਼ਰੀਰਕ ਤੇ ਆਤਮਕ ਰੂਪ ਵਿਚ ਗੁਰੂ ਦਾ ਗੋਲਾ ਬਣ ਜਾਂਦਾ ਹੈ ਤੇ ਉਸਦਾ ਫਿਰ ਅਪਣੇ ਸਰੀਰ, ਮਨ ਤੇ ਹਿਰਦੇ ਦੇ ਕਿਸੇ ਵੀ ਕਰਮ ਤੇ ਨਿਜੀ ਅਧਿਕਾਰ ਨਹੀਂ ਰਹਿੰਦਾ। ਜਦ ਇਵੇਂ ਗਲ ਹੋਈ ਤਾਂ ਫਿਰ ਉਸਦਾ ਆਪਣੇ ਆਪ ਸਰੀਰ ਨੂੰ ਯਾ ਮਨ ਨੂੰ ਬਿਵਰਜਿਤ ਕੰਮ ਵਿਚ ਇਸਤੇਮਾਲ ਕਰਨਾ ਆਨਮਤ ਵਿਚ ਖਿਆਨਤ ਨਹੀਂ ਤਾਂ ਹੋਰ ਕੀ ਹੈ ? ਇਹ ਸਰਾਸਰ ਧੋਖਾ ਹੈ ! ਧੋਖਾ,ਤੇ ਫੇਰ ਗੁਰੂ ਨਾਲ !! ਹੇ ਮਨੁਖ, ਤੇਰੀ ਦਸ਼ਾ ਐਸੇ ਕੰਮ ਕਰਨ ਕਰ ਕੇ ਕੀ ਹੋ ਸਕਦੀ ਹੈ ? ਜ਼ਰਾ ਸੋਚ ! ਇਸਦੀ ਸ਼ਰਨ ਤੋਂ ਛੁਟ ਹੋਰ ਕੇਹੜੀ ਸ਼ਰਨ ਹੈ ਜੋ ਤੇਰਾ ਸੰਭਾਲਾ ਕਰ ਸਕਦੀ ਹੈ ? ਜਿਸ ਗਲੇ ਵਿਚੋਂ ਅੰਮ੍ਰਿਤ ਦੀ ਧਾਰਾ ਨੀਚੇ ਉਤਰੀ ਹੋਵੇ ਉਸ ਵਿਚ ਫੇਰ ਭੱਖ-ਅਭੱਖ ਉਤਾਰਨ ਦਾ ਤੇਰਾ ਕੀ ਹੱਕ ਹੈ ? ਇਹ ਗੁਰੂ ਨਾਲ, ਸਿਖੀ ਨਾਲ ਤੇ ਅਪਣੇ ਆਪ ਨਾਲ ਸਾਫ਼ ਧੋਖਾ ਹੈ। ਐਸੇ ਕਰਮਾਂ ਦੇ ਕਰਨ ਤੇ ਸੋਚਨ ਵਾਲਾ ਕੀ ਇਹ ਕਹਿ ਸਕਦਾ ਹੈ ਕਿ ਉਹ ਅੰਮ੍ਰਿਤ ਦੀ ਸੰਭਾਲ ਕਰ ਰਿਹਾ ਹੈ ? ਆਉ ਗੁਰੂ ਜੀ ਦੀ ਛਤਰ ਛਾਇਆ ਹੇਠਾਂ, ਗੁਰੂ ਜੀ ਦੇ ਹੀ ਹੋਕੇ ਰਹੀਏ। ਅੰਮ੍ਰਿਤ ਦੀ ਸੰਭਾਲ ਅੰਮ੍ਰਿਤ ਨਾਲ ਪਿਆਰ ਰਖਣ ਵਿਚ ਹੀ ਹੈ। ਸਚੇ ਅੰਮ੍ਰਿਤ-ਧਾਰੀ ਵਾਸਤੇ ਅੰਮ੍ਰਿਤ, ਹਿਰਦੇ ਦਾ ਵਿਸ਼ਾ ਬਣ ਜਾਂਦਾ ਹੈ।

ਇਹ ਤਾਂ ਸਚ ਹੈ ਕਿ ਸਿਖ ਆਪ ਤਾਂ ਕੁਝ ਨਹੀਂ ਕਰ ਸਕਦਾ, ਜਦੋਂ ਤਕ ਗੁਰੂ ਦੀ ਕ੍ਰਿਪਾ ਉਸ ਤੇ ਨ ਹੋਵੇ। ਇਸ ਵਾਸਤੇ ਗੁਰਸਿਖ ਨੂੰ ਅਰਦਾਸੇ ਕਰਦੇ ਰਹਿਣਾ ਚਾਹੀਦਾ ਹੈ ਜਿਸ ਕਰ ਕੇ ਉਸਦਾ ਗੁਰੂ ਤੇ ਗੁਰੂ-ਕ੍ਰਿਪਾ ਨਾਲ ਸੰਬੰਧ ਬਣਿਆ ਰਹੇ। ਸੋ ਅੰਮ੍ਰਿਤ ਦੀ ਸੰਭਾਲ ਕਮਾਈ ਤੇ ਹੈ। ਸਿਖ ਨਾਮ-ਅਭਿਆਸ ਦੀ ਕਮਾਈ ਕਰੇ ਤੇ ਗੁਰੂ ਦੀ ਆਗਿਆ ਦਾ ਪਾਲਨ ਕਰਦਾ ਹੋਇਆ ਉਸਦਾ ਹੀ ਹੋ ਰਹੇ। ਢਹਿੰਦੀ ਕਲਾ ਵਲ ਨ ਆਵੇ ਤੇ ਨ ਹੀ ਢਹਿੰਦੀ ਸੇਵਾ ਕਰੇ। ਸਾਧ ਸੰਗਤ ਦੇ ਦਰਸ਼ਨ ਕਰਦਾ ਰਹੇ।

## ਅੰਮ੍ਰਿਤ ਤਿਆਰ ਕਰਨ ਦੀ ਵਿਧੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਜੋ ਵਿਧੀ ਦਸੀ ਹੈ, ਉਸਨੂੰ ਅਮਲੀ ਤੌਰ ਤੇ ਵੀ ਕੀਤਾ ਹੈ। ਉਹ ਖਿਲਕੁਲ ਗੁਰਮਤਿ ਅਨਕੂਲ ਹੈ। ਉਹ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੀ ਤੇ ਮਹਾਰਾਜ ਦੇ ਤਾਬਿਆ ਬੈਠਣ ਵਾਲੇ ਸਿੰਘ ਦੀ ਸੋਧ ਹੋਵੇ। ਫਿਰ ਉਹ ਛੇ ਇਸ ਮਹਾਨ ਕਾਰਜ ਨੂੰ ਆਰੰਭ ਕਰਨ। ਉਹਨਾਂ ਨਾਲ ਇਕ ਸੇਵਾਦਾਰ ਜੋ ਅੰਮ੍ਰਿਤ ਭਵਨ ਦੇ ਦਰਵਾਜ਼ੇ ਤੇ ਸਸ਼ਸਤ੍ਰ ਖੜਾ ਹੋਣ ਦੀ ਸੇਵਾ ਕਰੇ, ਹੋਣਾ ਜ਼ਰੂਰੀ ਹੈ। ਉਹ ਵੀ ਤਿਆਰ-ਬਰ-ਤਿਆਰ ਹੋਵੇ। ਗੁਰੂ ਮਹਾਰਾਜ ਦਾ ਪ੍ਰਕਾਸ਼ ਨਿਰਮਲ ਰੀਤੀ ਨਾਲ ਕਰਕੇ ਪੰਜ ਪਿਆਰੇ ਕਾਰਜ ਸ਼ੁਰੂ ਕਰਦੇ ਹਨ। ਪੰਜ ਪਿਆਰਿਆਂ ਦਾ ਚੜ੍ਹਦੀ-ਕਲਾ ਵਿਚ ਹੋਣਾ ਤੇ ਸੁਚੇ ਜੀਵਨ ਵਾਲਾ ਹੋਣਾ ਜ਼ਰੂਰੀ ਹੈ। ਗੁਰੂ ਰੀਤੀ ਅਨੁਸਾਰ ਇਹ ਪੰਜ ਪਿਆਰੇ ਜੋ ਸੰਗਤ ਪ੍ਰਤੀਨਿਧੀ ਹੁੰਦੇ ਹਨ ਅੰਮ੍ਰਿਤ ਛਕਣ ਵਾਲਿਆਂ ਦੀ ਪਰਖ ਕਰਦੇ ਹਨ। ਚੜ੍ਹਦੀ ਕਲਾ ਦੇ ਪਿਆਰੇ ਹੋਣ ਕਰਕੇ ਗੁਰੂ ਕ੍ਰਿਪਾ ਨਾਲ ਅੰਮ੍ਰਿਤ ਪ੍ਰਭਾਵਸ਼ਾਲੀ ਹੋਵੇਗਾ ਕਿਉਂ ਜੋ ਉਹਨਾਂ ਦੀ ਆਪਣੀ ਕਮਾਈ ਦਾ ਵੀ ਉਸ ਵਿਚ ਹਿਸਾ ਹੁੰਦਾ ਹੈ। ਉਸ ਤੋਂ ਬਾਅਦ ਸਰਬ ਲੋਹ ਦਾ ਬਾਟਾ ਪਵਿਤ੍ਰ ਨੂਤਨ ਜਲ (ਖੂਹ ਦਾ), ਖੰਡਾ ਤੇ ਪਤਾਸ਼ੇ ਆਦਿ ਜ਼ਰੂਰੀ ਚੀਜ਼ਾਂ ਇਕਤ੍ਰ ਕਰਕੇ ਪੰਜ ਪਿਆਰੇ (ਸਕੇਸ਼ ਇਸ਼ਨਾਨ ਸਹਿਤ) ਅੰਮ੍ਰਿਤ ਤਿਆਰੀ ਦਾ ਪਵਿਤਰ ਕੰਮ ਆਪਣੀ ਪਵਿਤਰ ਬਿਰਤੀਆਂ ਨੂੰ ਇਕਾਗਰ ਕਰਕੇ, ਤੇ ਅੰਮ੍ਰਿਤ ਚਾਹਵਾਨਾਂ ਨੂੰ ਪੰਗਤੀ ਵਿਚ ਜਾਂ ਕਿਸੇ ਹੋਰ ਯੋਗ ਤਰੀਕੇ ਨਾਲ ਅੰਮ੍ਰਿਤ ਭਵਨ (ਹਾਲ) ਵਿਚ ਖੜਾ ਕਰਕੇ ਸ਼ੁਰੂ ਕਰਦੇ ਹਨ ਤੇ ਸਾਰਿਆਂ ਨੂੰ ਸਤਰਗ ਰਹਿਣ ਦਾ ਹੁਕਮ ਦੇਂਦੇ ਹਨ। ਫੇਰ ਉਹਨਾਂ ਦੀ ਆਗਿਆ ਦਾ ਪਾਲਣ



www.AKJ.Org

ਹੋਏ ਅੰਮ੍ਰਿਤ-ਅਭਿਲਾਸ਼ੀ ਵੀ ਯਥਾ ਸ਼ਕਤੀ ਉਸ ਅਕਾਲ ਪੁਰਖ ਦਾ ਧਿਆਨ ਧਰਦੇ ਹਨ। ਇਸ ਸਮੇਂ ਕੋਈ ਹੋਰ ਗਲ ਕਰਨਾ ਬਿਵਰਜਿਤ ਹੈ ਜੇ ਕੋਈ ਪ੍ਰੇਮੀ ਪਹਿਲੋਂ ਤੋਂ ਹੀ ਅਭਿਲਾਸ਼ੀ ਹੈ ਤਾਂ ਉਸਨੂੰ ਵੀ ਆਪਣੀ ਚਤਰਾਈ ਦਾ ਖਿਆਲ ਦਿਮਾਗ ਤੋਂ ਕਢਦਿਆਂ ਹੋਇਆਂ ਅਪਣੇ ਆਪ ਨੂੰ ਖਾਲੀ ਸਮਝਨਾ ਚਾਹੀਦਾ ਹੈ। ਇਹ ਵਿਚਾਰ ਕਿ ਮੈਂ ਪਹਿਲੋਂ ਤੋਂ ਹੀ ਅਭਿਆਸ ਕਰਦਾ ਹਾਂ ਜਾਂ ਕਰਨਾਂ ਜਾਣਦਾ ਹਾਂ ਉਸ ਵਿਚ ਹਉਮੈ ਦਾ ਅੰਸ਼ ਹੈ। ਗੁਰੂ ਕੋਲ ਨਿਰਮਾਨ ਹੋ ਕੇ ਖੜੇ ਹੋਕੇ ਅੰਮ੍ਰਿਤ ਦੀ ਦਾਤ ਮੰਗੇ, ਤਾਂ ਹੀ ਸਿਖ ਸੋਭਦਾ ਹੈ। ਤਾਂ ਫਿਰ ਗੁਰੂ ਉਸਦੀ ਝੋਲੀ ਭਰੇਗਾ। ਪੰਜ ਪਿਆਰੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਮੂਹਕ ਰੂਪ ਵਿਚ ਗੁਰੂ ਦਾ ਹੀ ਰੂਪ ਹੁੰਦੇ ਹਨ।

ਵਡੇ ਭਾਈ ਸਾਹਿਬ ਫੁਰਮਾਉਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਕੋਲੋਂ ਹੀ ਅੰਮ੍ਰਿਤ ਦੀ ਦਾਤ ਮਿਲ ਸਕਦੀ ਹੈ। ਗੁਰਮਤਿ ਰੀਤੀ ਅਨੁਸਾਰ ਕਿਸੇ ਮਹਾਤਮਾ, ਸੰਤ, ਗੁਰਸਿਖ ਨੂੰ ਭਾਵੇਂ ਉਹ ਕਿਤਨੀ ਹੀ ਉਚੀ ਬਿਰਤੀ ਦਾ ਮਾਲਕ ਹੋਵੇ ਵਿਅਕਤੀ ਗਤ ਰੂਪ ਵਿਚ ਅੰਮ੍ਰਿਤ ਛਕਾਨ ਦਾ ਹਕ ਹੋ ਹੀ ਨਹੀਂ ਸਕਦਾ। ਪੰਜ ਪਿਆਰੇ ਕੇਵਲ ਸਾਮੂਹਕ ਰੂਪ ਵਿਚ ਹੀ ਗੁਰੂ-ਰੂਪ ਹਨ। ਉਹਨਾਂ ਵਿਚੋਂ ਇਕ ਅਕੇਲਾ ਕਿਸੇ ਸਮੇਂ ਕਿਸੇ ਹਾਲਤ ਵਿਚ ਆਪਣੇ ਆਪ ਨੂੰ ਗੁਰੂ-ਰੂਪ ਨਹੀਂ ਸਮਝ ਸਕਦਾ। ਗੁਰਮਤਿ ਵਿਚ ਅੰਮ੍ਰਿਤ ਸੰਬੰਧੀ ਇਹ ਹੀ ਵਡਾ ਅਸੂਲ ਹੈ।

ਇਸ ਵੇਲ਼ੇ ਇਹ ਗਲ ਵੀ ਕਹਿਣਾ ਠੀਕ ਹੋਵੇਗੀ ਕਿ ਕੋਈ ਅੰਮ੍ਰਿਤ ਅਭਲਾਸ਼ੀ ਗੁਰੂ-ਰੂਪ ਪੰਜਾਂ ਪਿਆਰਿਆਂ ਦੇ ਸਾਹਮਣੇ ਕੁਝ ਛੁਪਾਣ ਦੀ ਕੋਸ਼ਸ਼ ਨ ਕਰੇ ਤੇ ਉਹਨਾਂ ਦੇ ਪ੍ਰਸ਼ਨਾਂ ਦਾ ਉਤਰ ਠੀਕ ਠੀਕ ਦੇਵੇ। ਵੈਸੇ ਤੇ ਸਚੇ ਦਰਬਾਰ ਵਿਚ ਮੂਹੋਂ ਆਪਣੇ ਆਪ ਸਚ ਹੀ ਨਿਕਲਦਾ ਹੈ। ਇਸੇ ਮਨੁਖ ਆਪਣੀਆਂ ਸਾਰੀਆਂ ਭੁਲਾਂ ਨੂੰ ਸਾਫ ਸਾਫ ਦਸਕੇ ਬਖ਼ਸ਼ਿਸ਼ ਦਾ ਹਕਦਾਰ ਬਣ ਜਾਂਦਾ ਹੈ। ਪਰ ਦੇਖੋ ਜੇ ਕੋਈ ਅਭਾਗਾ ਕੁਝ ਛਪਾਉਂਦਾ ਹੈ ਤਾਂ ਉਹ ਅੰਮ੍ਰਿਤ ਛਕਣ ਬਾਅਦ ਆਪਣੇ ਤੇ ਗੁਰੂ-ਕ੍ਰਿਪਾ ਦੀ ਆਸ਼ਾ ਨ ਰਖੇ।

ਅੰਮ੍ਰਿਤ-ਤਿਆਰੀ ਤੋਂ ਪਹਿਲੋਂ ਅਰਦਾਸਾ ਕੀਤਾ ਜਾਂਦਾ ਹੈ ਜਿਸ ਵਿਚ ਅਕਾਲ ਪੁਰਖ ਕੋਲੋਂ ਅੰਮ੍ਰਿਤ ਦੀ ਦਾਤ ਅੰਮ੍ਰਿਤ-ਅਭਲਾਸ਼ੀਆਂ ਲਈ ਮੰਗੀ ਜਾਂਦੀ ਹੈ। ਫੇਰ ਪੰਜ ਪਿਆਰੇ ਬੀਰ-ਆਸਨ ਬੈਠ ਕੇ ਬਾਟੇ ਤੇ ਦੋਵੇਂ ਹਥ ਰਖਕੇ ਪੂਰੀ ਸਾਵਧਾਨੀ ਨਾਲ ਵਾਰੋ ਵਾਰੀ ਇਕ ਇਕ ਬਾਣੀ ਦਾ ਪਾਠ ਕਰਦੇ ਹਨ। ਅਤੇ ਖੰਡੇ ਨਾਲ ਪਤਾਸੇ ਘੋਲਦੇ ਹਨ। ਅੰਮ੍ਰਿਤ ਦੀ ਤਿਆਰੀ ਵਿਚ ਜਿਹੜੀ ਆਤਮਕ ਸ਼ਕਤੀ ਕੰਮ ਕਰਦੀ ਹੈ ਉਸਦਾ ਵਰਨਣ ਵਡੇ ਭਾਈ ਸਾਹਿਬ ਜੀ ਨੇ ਬੜੇ ਸੋਹਣੇ ਤਰੀਕੇ ਨਾਲ ਕੀਤਾ ਹੈ। ਅੰਮ੍ਰਿਤ ਦੀ ਤਿਆਰੀ ਵਿਚ ਸਰਬ-ਲੋਹ ਦੀ ਸ਼ਕਤੀ ਨਾਲ ਪਤਾਸਿਆਂ ਦੀ ਮਿਠਾਸ ਮਿਲ ਕੇ ਖਾਲਸਾ ਵਿਚ ਦਯਾ, ਮਿਠਾਸ ਤੇ ਸ਼ਕਤੀ ਦੋਵੇਂ ਚੀਜ਼ਾਂ ਭਰਦੀਆਂ ਹਨ ਤੇ ਖਾਲਸਾ ਸ਼ਕਤੀਵਾਨ ਅਰਥਾਤ ਮਰਦਊਪੁਣੇ ਦਾ ਮਾਲਕ ਹੁੰਦਾ ਹੋਇਆ ਦਯਾ ਜੈਸੇ ਗੁਣ ਦਾ ਵੀ ਮਾਲਕ ਹੁੰਦਾ ਹੈ। ਅੰਮ੍ਰਿਤ ਦੀ ਤਿਆਰੀ ਸਮੇਂ, ਸ਼ਕਤੀ ਅੰਮ੍ਰਿਤ ਬਾਟੇ ਵਿਚੋਂ ਹੋਕੇ ਪੰਜਾਂ ਪਿਆਰਿਆਂ ਦੇ ਹਥਾਂ ਵਿਚ ਪਹੁੰਚ ਕੇ ਫੇਰ ਉਹਨਾਂ ਦੇ ਦਿਲਾਂ ਤੇ ਪਹੁੰਚਦੀ ਹੈ। ਉਸ ਤੋਂ ਮਗਰੋਂ ਅੱਖਾਂ ਵਿਚ ਜਾਂਦੀ ਹੈ ਅੱਖਾਂ ਤੋਂ ਹੋ ਕੇ ਫੇਰ ਉਹ ਵਾਪਸ ਅੰਮ੍ਰਿਤ ਬਾਟੇ ਵਿਚ ਆਉਂਦੀ ਹੈ। ਇਸ ਤਰਾਂ ਇਕ ਚੱਕਰ ਬੱਝ ਜਾਂਦਾ ਹੈ। ਪੰਜਾਂ ਬਾਣੀਆਂ ਦੇ ਪਾਠ ਦੇ ਦੌਰਾਨ ਵਿਚ ਇਹ ਚੱਕਰ ਬੜਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਤਾਂ ਫੇਰ ਫਲ ਸ੍ਵਰੂਪ ਇਹ ਬਿਜਲੀ ਜੇਹੀ ਸ਼ਕਤੀ ਉਹਨਾਂ ਦੀਆਂ ਅੱਖਾਂ ਦ੍ਵਾਰਾ ਜੋ ਕਿ ਆਤਮਕ ਸ਼ਕਤੀ ਨਾਲ ਭਰਪੂਰ ਹੋਈਆਂ ਹੋਈਆਂ ਹੁੰਦੀਆਂ ਹਨ ਅੰਮ੍ਰਿਤ ਸ਼ਰਧਾਲੂਆਂ ਦੇ ਅੱਖਾਂ ਰਾਹੀਂ, ਅੰਮ੍ਰਿਤ ਦੇ ਛੱਟਿਆਂ ਰਾਹੀਂ ਤੇ ਕੇਸਾਂ ਵਿਚ ਅੰਮ੍ਰਿਤ ਦੀ ਧਾਰਾ ਪੈਣ ਰਾਹੀਂ, ਅੰਮ੍ਰਿਤਧਾਰੀਆਂ ਦੇ ਅੰਦਰ ਹਿਰਦੇ



www.AKJ.Org

ਤਕ ਪਹੁੰਚਦੀ ਹੈ । ਕੰਨਾਂ ਰਾਹੀਂ ਗੁਰੂ ਸ਼ਬਦ (ਨਾਮ) ਸ਼ਰਧਾਲੂਆਂ ਦੇ ਅੰਦਰ ਪ੍ਰਵੇਸ਼ ਕਰਦਾ ਹੈ ਤਾਂ ਫੇਰ ਅੰਮ੍ਰਿਤ ਛਕਣ ਵਾਲੇ ਵੀ ਅੰਮ੍ਰਿਤ ਸ਼ਕਤੀ ਦੀ ਛੋਹ ਲੈ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲੈਂਦੇ ਹਨ, ਪਰ ਹਰ ਇਕ ਉਤੇ ਉਸ ਦੇ ਹਿਰਦੇ ਦੀ ਸ਼ੁਧੀ ਦੇ ਮੁਤਾਬਕ ਰੰਗ ਚੜ੍ਹਦਾ ਹੈ। ਕਈ ਤਾਂ ਸਰਸ਼ਾਰ ਹੋ ਕੇ ਬੇਕਾਬੂ ਹੋ ਜਾਂਦੇ ਹਨ। ਕਈਆਂ ਤੇ ਮਸਤੀ ਹੀ ਛਾ ਜਾਂਦੀ ਹੈ। ਕਈ ਅਪਣੇ ਆਪ ਨੂੰ ਕਿਸੇ ਹੋਰ ਹੀ ਹਾਲਤ ਵਿਚ ਮਹਿਸੂਸ ਕਰਨ ਲਗ ਪੈਂਦੇ ਹਨ। ਅੰਮ੍ਰਿਤ ਸੰਚਾਰ ਹੋਣ ਤਥਾ ਅੰਦਰ ਦੀ ਜੋਤ ਉਜਾਗਰ ਹੋਣ ਤੇ ਉਪਰੰਤ ਅੰਮ੍ਰਿਤ ਦੇ ਬੂਟੇ ਨੂੰ ਕਮਾਈ ਦਾ ਪਾਣੀ ਦੇਣਾ ਅੰਮ੍ਰਿਤਧਾਰੀ ਦਾ ਕੰਮ ਹੈ। ਇਸ ਦੀ ਸੰਭਾਲ ਦਾ ਜਿਸ ਦਾ ਜ਼ਿਕਰ ਪਹਿਲੋਂ ਕੀਤਾ ਗਿਆ ਹੈ ਗੁਰਸਿਖ ਲਈ ਜ਼ਰੂਰੀ ਹੈ ਨਹੀਂ ਤਾਂ ਅੰਮ੍ਰਿਤ ਬੀਜ ਕਲਰਾਠੀ ਖੇਤੀ ਵਿਚ ਪੈਣ ਵਾਲੀ ਗਲ ਹੋਵੇਗੀ।

ਕਈ ਸਜਨਾਂ ਤੇ ਅੰਮ੍ਰਿਤ ਛਕਣ ਵੇਲੇ ਕਲਾ ਵੀ ਵਰਤ ਜਾਂਦੀ ਹੈ। ਉਸ ਦਾ ਮਤਲਬ ਇਹ ਹੁੰਦਾ ਹੈ ਕਿ ਉਹਨਾਂ ਦੇ ਦਿਲ ਦੀ ਦਸ਼ਾ ਅੰਮ੍ਰਿਤ ਨੂੰ ਕਬੂਲ ਕਰਕੇ ਬੇਹਬਲਤਾ ਦੀ ਹਾਲਤ ਤੇ ਪਹੁੰਚ ਜਾਂਦੀ ਹੈ। ਇਹ ਚੰਗਾ ਲਛਣ ਹੈ, ਪਰ ਕਈ ਤਾਂ ਅੰਦਰੋ ਅੰਦਰੀ ਮਤਵਾਲੇ ਹੋ ਜਾਂਦੇ ਹਨ। ਅੰਮ੍ਰਿਤ ਦੀ ਸ਼ਕਤੀ ਨੂੰ ਕਈ ਜਜ਼ਬ ਕਰਕੇ, ਉਸਤੇ ਕਮਾਈ ਕਰਨ ਮਗਰੋਂ ਚੜ੍ਹਦੀ ਕਲਾ ਪ੍ਰਾਪਤ ਕਰ ਲੈਂਦੇ ਹਨ।

ਵਾਹ ! ਵਾਹ !! ਅੰਮ੍ਰਿਤ ਦਾਤਾ, ਤੇ ਵਾਹ ! ਵਾਹ !! ਤੇਰੇ ਚੋਜ । ਇਹ ਦਾਤ, ਮਾਤ ਲੋਕ ਵਾਲਿਆਂ ਨੂੰ ਤੇਰੀ ਹੀ ਅਪਾਰ ਕ੍ਰਿਪਾ ਨਾਲ ਮਿਲਦੀ ਹੈ। ਅਭਿਮਾਨ ਦੀ ਅੱਗ ਵਿਚ ਸੜ ਰਹੇ ਲੋਕਾਂ ਲਈ ਇਹ ਸੀਤਲਤਾ ਦਾ ਸੋਮਾ ! ਦਾਤਾ ਜੀ ਇਹ ਸਭ ਤੇਰੀ ਹੀ ਅਪਾਰ ਕ੍ਰਿਪਾ ਦਾ ਪ੍ਰਮਾਣ ਹੈ । ਆਓ ! ਅੰਮ੍ਰਿਤ ਦੇ ਅਭਲਾਸ਼ੀਓ, ਇਸ ਜੇਹੀ ਅਮੁਲੀ, ਨਿਸਤਾਰਾ ਕਰਨ ਵਾਲੀ ਅਮੁਲੀ ਦਾਤ ਨੂੰ ਪ੍ਰਾਪਤ ਕਰਕੇ ਪੁਰਾਤਨ ਸਿਖਾਂ ਵਾਲੇ ਜੀਵਨ ਬਤੀਤ ਕਰਦਿਆਂ ਹੋਇਆਂ ਆਪ ਮਨੁਖੀ ਯਾਤ੍ਰਾ ਨੂੰ ਸਫਲ ਕਰੋ । ਇਹ ਮਨੁਖਾ ਜਨਮ ਹੀ ਇਸ ਦਾਤ ਦੀ ਪ੍ਰਾਪਤੀ ਦਾ ਸੁਨੈਹਰੀ ਮੌਕਾ ਹੈ । "ਸਰੰਜਾਮ ਲਾਗ ਭਵਜਲ ਤਰਨ ਕੈ" ਮਹਾਂਵਾਕਾਨੁਸਾਰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਉਸ ਦਾਤੇ ਦੀ ਕਬੂਲੀਅਤ ਦੇ ਯੋਗ ਬਨਾਉ।

—o—

# ਪਿੰਡ ਬਹਿਲੋਲਪੁਰ ਵਿਖੇ ਰੈਣਸਬਾਈ ਕੀਰਤਨ

ਸੰਮੂਹ ਗੁਰਮੁਖ ਪਿਆਰੇ ਵੀਰ ਭੈਣਾਂ ਅਗੇ ਬੇਨਤੀ ਹੈ ਕਿ ਪਿੰਡ ਬਹਲੋਲਪੁਰ (ਜ਼ਿਲਾ ਗੁਰਦਾਸਪੁਰ) ਜੋ ਬਟਾਲੇ ਤੋਂ ਡੇਹਰੇ ਵਾਲੀ ਸੜਕ ਉਤੇ 15ਵੇਂ ਮੀਲ ਉਤੇ ਹੈ ਅਤੇ ਡੇਹਰੇ ਬਾਬੇ ਨਾਨਕ ਤੋਂ 3 ਮੀਲ ਬਟਾਲੇ ਵਲ ਹੈ, ਵਿਖੇ ਗੁਰਪੁਰਵਾਸੀ ਡਾਕਟਰ ਬਸੰਤ ਸਿੰਘ ਜੀ ਸੇਖਵਾਂ ਵਾਲਿਆਂ ਦੀ ਬਰਸੀ ਇਸ ਵਾਰੀ 12 ਮਾਰਚ ਵੀਰਵਾਰ ਸ਼ਾਮ ਦੇ 6 ਕੁ ਵਜੇ ਸ੍ਰੀ ਅਖੰਡ ਪਾਠ ਰਖਿਆ ਜਾਵੇਗਾ। ਜਿਸ ਦਾ ਭੋਗ ਸਨੀਚਰਵਾਰ 14 ਮਾਰਚ ਸ਼ਾਮ 6 ਵਜੇ ਪਵੇਗਾ। ਉਸ ਤੋਂ ਉਪਰੰਤ 14-15 ਮਾਰਚ ਦੀ ਰਾਤ ਨੂੰ ਹੀ ਅਖੰਡ ਪਾਠ ਦੇ ਭੋਗ ਤੋਂ ਬਾਅਦ ਰੈਣ ਸਬਾਈ ਕੀਰਤਨ ਹੋਵੇਗਾ ਇਸ ਲਈ ਸਭ ਗੁਰੂ ਕੇ ਕੀਰਤਨੀ ਅਤੇ ਸ੍ਰੋਤ ਜਨਾਂ ਨੂੰ ਬੇਨਤੀ ਹੈ ਸਮੇਂ ਸਿਰ ਪਹੁੰਚ ਕੇ ਕੀਰਤਨ ਦੇ ਲਾਹੇ ਲੈਣ ।

ਦਾਸਰੇ—ਗੋਪਾਲ ਸਿੰਘ ਬਟਾਲਾ, ਭਾਈ ਬੁਢਾ ਸਿੰਘ, ਨਰੰਕਾਰ ਸਿੰਘ

ਅਖੰਡ ਕੀਰਤਨੀ ਜਥਾ, ਜ਼ਿਲਾ ਗੁਰਦਾਸਪੁਰ ।


www.AKJ.Org

# ੴਅੰਕਾਰ–ਇਕ ਅਧਿਐਨ

(ਵਲੋਂ–ਪ੍ਰੋ: ਪਿਆਰਾ ਸਿੰਘ ਜੀ ਪਦਮ)

(ਪਿਛੋਂ ਤੋਂ ਅਗੇ)

ਹਕੀਕਤ ਇਹ ਹੈ ਕਿ ਸਾਡਾ ਮਨ ਤੇ ਸਾਡੇ ਇੰਦਰੇ ਪੰਛੀ ਸਮਾਨ ਹਨ ਜੋ ਔਗੁਣਾਂ ਦਾ ਚੋਗਾ ਚੁਗਦੇ ਚੁਗਦੇ ਫਸ ਜਾਂਦੇ ਹਨ ਤੇ ਫਾਹੀ ਪੈ ਜਾਣ ਤੇ ਕੋਈ ਰਾਹ ਨਹੀਂ ਮਿਲਦਾ।

ਤਰਵਰੁ ਕਾਇਆ ਪੰਖਿ ਮਨੁ, ਤਰਵਰਿ ਪੰਖੀ ਪੰਚ।
ਤਤੁ ਚੁਗਹਿ ਮਿਲਿ ਏਕਸੇ, ਤਿਨ ਕਉ ਫਾਸ ਨ ਰੰਚ।
ਉਡਹਿਤ ਬੇਗੁਲੇ ਬੇਗੁਲੇ ਤਾਕਹਿ ਚੋਗ ਘਣੀ।
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ।੩੩।

ਇਹ ਔਗੁਣ ਸਾਡੇ ਮਨ ਦੀਆਂ ਕਮਜ਼ੋਰੀਆਂ ਹਨ। ਵਾਸਨਾਂ ਦੇ ਵਸ ਪਿਆ ਮਨ–ਕਾਮ, ਕ੍ਰੋਧ, ਲੋਭ ਵਿਚ ਭਟਕਦਾ ਰਹਿੰਦਾ ਹੈ, ਟਿਕਦਾ ਨਹੀ ਤੇ ਨਹੱਕ ਖਾਕੇ ਖੁਸ਼ ਹੁੰਦਾ ਹੈ–

ਚੰਚਲ ਚੀਤੁ ਨ ਰਹਈ ਠਾਇ।
ਚੋਰੀ ਮਿਰਗੁ ਅੰਗੂਰੀ ਖਾਇ।

ਗੁਰੂ ਜੀ ਇਸ ਸ਼ੈਤਾਨ ਮਨ ਨੂੰ ਕਾਂ ਨਾਲ ਤਸ਼ਬੀਹ ਦਿੰਦੇ ਹਨ ਜੋ ਚਾਲਾਕ ਵੀ ਹੈ ਤੇ ਗੰਦਗੀ ਚਹੇਤਾ ਹੋਣ ਕਰਕੇ ਨਾਪਾਕ ਵੀ। ਇਹ ਮੁੜ ਮੁੜ ਵਿਕਾਰਾਂ ਦੀ ਫਾਹੀ ਵਿਚ ਆਪਣਾ ਆਪ ਫਾਹੁੰਦਾ ਰਹਿੰਦਾ ਹੈ।

ਫਿਰਿ ਫਿਰਿ ਫਾਹੀ ਫਾਸੈ ਕਉਆ।
ਫਿਰਿ ਪਛੁਤਾਨਾ ਅਬ ਕਿਆ ਹੂਆ।
ਫਾਤਾ ਚੋਗ ਚੁਗੈ ਨਹੀ ਬੂਝੈ।
ਸਤਿਗੁਰ ਮਿਲੈ ਤਾ ਆਖੀ ਸੂਝੈ।੩੯।

ਇਹ ਵਾਸ਼ਨਾ ਦੀ ਚੋਗ ਕੇਵਲ ਮਨ ਨੂੰ ਹੀ ਖਰਾਬ ਨਹੀਂ ਕਰਦੀ, ਸਾਡੇ ਤਨ ਨੂੰ ਵੀ ਵਿਚੋ ਵਿਚ ਖਾ ਜਾਂਦੀ ਹੈ। ਗੁਸਾ ਤੋੜਦਾ ਹੈ ਪਿਆਰ ਜੋੜਦਾ ਹੈ। ਬੇਅਦਬੀ, ਗੁਸਤਾਖੀ ਪਿਆਰ ਨੂੰ ਵੀ ਦਾਗੀ ਕਰ ਦਿੰਦੀ ਹੈ :

ਟੂਟੇ ਨੇਹੁ ਕਿ ਬੋਲਹਿ ਸਹੀ।
ਟੂਟੇ ਬਾਹ ਦੁਹੂ ਦਿਸ ਗਹੀ।
ਟੂਟਿ ਪਰੀਤਿ ਗਈ ਬੁਰ ਬੋਲਿ।
ਦੁਰਮਤਿ ਪਰਹਰਿ ਛਾਡੀ ਢੋਲਿ।੨।

ਇਹ ਸਮਝਣਾ ਭੁਲ ਹੈ ਕਿ ਸਾਡਾ ਗੁਸਾ ਦੂਜੇ ਨੂੰ ਖਾ ਜਾਣ ਲਈ ਹੈ, ਇਹ ਅਗਨੀ ਐਸੀ ਹੈ, ਜਿਥੇ ਜਲਦੀ ਬਲਦੀ ਹੈ, ਉਸ ਥਾਂ ਨੂੰ ਵੀ ਸਾੜ ਦਿੰਦੀ ਹੈ :

ਕਾਮ ਕ੍ਰੋਧ ਕਾਇਆ ਕਉ ਗਾਲੈ।
ਜਿਉ ਕੰਚਨ ਸੋਹਾਗਾ ਢਾਲੈ।੧੯।

ਸੋ ਇਸ ਇਕੋ ਕ੍ਰੋਧ ਔਗੁਣ ਦੇ ਸਦਕੇ ਸਾਰੀ ਦੁਨੀਆਂ ਸੜ ਕੇ ਸੁਆਹ ਹੋ ਗਈ, ਜੰਗ ਜੁਧ ਰਚਾਉਣ ਵਾਲੇ ਸੈਨਾਪਤਿ, ਮਹਾਂ ਬਲੀ ਅਭਿਮਾਨੀ ਖਪ ਖਪ ਕੇ ਤੁਰ ਗਏ। ਖਿਮਾ ਦੀ ਘਾਟ ਨੇ ਉਨ੍ਹਾਂ ਨੂੰ ਜੀਉਣ ਜੋਗਾ ਨ ਰਹਿਣ ਦਿਤਾ :

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ।
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ।

ਸਤਿਗੁਰੂ ਸੰਸਾਰਕ ਨਾਸ਼ਮਾਨਤਾ ਵਲ ਸੰਕੇਤ ਕਰਦੇ ਵੀ ਕਹਿੰਦੇ ਹਨ ਦੋ ਦਿਨ ਦੇ ਜੀਵਨ ਪਿਛੇ ਕਿਉਂ ਝਗੜਨਾ ਹੈ :

'ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ'

ਕ੍ਰੋਧੀ ਜੀਵਨ ਦੇ ਮੁਕਾਬਲੇ ਤੇ ਸ਼ਾਂਤੀ ਤੇ ਖਿਮਾ ਵਾਲਾ ਜੀਵਨ ਜੈ ਜੈ ਕਾਰ ਹਾਸਲ ਕਰਦਾ ਹੈ ਤੇ ਹਰ ਯੁਗ ਵਿਚ ਉਸ ਦੀ ਕਦਰ ਪੈਂਦੀ ਹੈ–

ਖੋਜਤ ਖੋਜਤ ਅੰਮ੍ਰਿਤੁ ਪੀਆ।
ਖਿਮਾ ਗਹੀ ਮਨੁ ਸਤਿਗੁਰਿ ਦੀਆ।



www.AKJ.Org

ਖਰਾ ਖਰਾ ਆਖੈ ਸਭੁ ਕੋਇ ।
ਖਰਾ ਰਤਨੁ ਜਗ ਚਾਰੇ ਹੋਇ । ੧੯ ।

ਕ੍ਰੋਧ ਵਾਂਗ ਮਾਇਆ ਦਾ ਮੋਹ ਯਾ ਪੈਸੇ ਦਾ ਲਾਲਚ ਵੀ ਦੁਖ ਪੈਦਾ ਕਰਨ ਵਾਲਾ ਹੈ । ਅਜ ਦਾ ਸੰਸਾਰ ਬਹੁਤਾ ਇਸੇ ਗੁੰਝਲ ਦਾ ਸ਼ਿਕਾਰ ਹੈ । ਆਰਥਿਕ ਨ ਬਰਾਬਰੀ ਨੇ ਸਾਰੇ ਸਮਾਜੀ ਜੀਵਨ ਨੂੰ ਅਸੰਤੁਸ਼ਟ ਕਰ ਰਖਿਆ ਹੈ । ਮਾਇਕ ਸ਼ਕਤੀ ਇਤਨੀ ਹਾਵੀ ਹੈ ਕਿ ਬਾਕੀ ਖੂਬੀਆਂ ਵੈਸੇ ਮਿਟੀ ਵਿਚ ਮਿਲਾ ਦਿਤੀਆਂ ਜਾਂਦੀਆਂ ਹਨ । ਸਚੇ ਗਣਾਂ ਦੀ ਕੋਈ ਕਦਰ ਨਹੀਂ । ਜੇ ਇਕ ਅਨਪੜ੍ਹ ਤੇ ਮੂਰਖ ਆਦਮੀ ਦੇ ਹਥ ਦੌਲਤ ਯਾ ਤਾਕਤ ਆ ਜਾਵੇ ਤਾਂ ਸਾਰੇ ਗੁਣ ਉਸ ਦੇ ਹਥ-ਬਝੇ ਗੁਲਾਮ ਸ਼ਮਝੇ ਜਾਂਦੇ ਹਨ ਤੇ ਪੜ੍ਹੇ ਲਿਖੇ ਉਸੇ ਅਨਪੜ੍ਹ ਦੀ ਸਲਾਹੁਤਾ ਕਰਕੇ ਆਪਣੀ ਦਿਨਕਟੀ ਕਰਦੇ ਹਨ । ਪੰਜਾਬੀ ਦਾ ਮੁਹਾਵਰਾ ਹੈ "ਜਿਹਦੀ ਕੋਠੀ ਦਾਣੇ । ਉਹਦੇ ਕਮਲੇ ਵੀ ਸਿਆਣੇ ।" ਇਹ ਇਕ ਸੰਸਾਰੀ ਹਕੀਕਤ ਹੈ :

ਆਥਿ ਸੈਲ ਨੀਚ ਘਰਿ ਹੋਇ ।
ਆਥਿ ਦੇਖਿ ਨਿਵੈ ਜਿਸੁ ਦੋਇ ।
ਆਥਿ ਹੋਇ ਤ ਮੁਗਧੁ ਸਿਆਨਾ ।
ਭਗਤਿ ਬਿਹੂਨਾਂ ਜਗੁ ਬਉਰਾਨਾ ।੧੪।
ਸੰਪੈ ਕਉ ਈਸਰੁ ਧਿਆਈਐ ।
ਸੰਪੈ ਪੁਰਬਿ ਲਿਖੇ ਕੀ ਪਾਈਐ ।
ਸੰਪੈ ਕਾਰਣਿ ਚਾਕਰ ਚੋਰ ।
ਸੰਪੈ ਸਾਥਿ ਨ ਚਾਲੈ ਹੋਰੁ ।੫੦।

ਜਿਸ ਮਾਇਆ ਦੀ ਅਹਿਮੀਅਤ ਇਤਨੀ ਮੰਨੀ ਗਈ, ਉਸ ਲਈ ਆਦਮੀ ਨੇ ਹਰ ਅਧੋਗਤੀ ਨੂੰ ਪਰਵਾਣ ਕੀਤਾ ਪਰ ਇਹ ਮਾਇਆ ਸਹਾਇਕ ਸਿਧ ਨ ਹੋਈ । ਮੁਕਾਬਲੇ ਤੇ ਗੁਰੂ ਜੀ ਸਚੇ ਧਨ ਦੀ ਵਡਿਤਣ ਦਸਦੇ ਹਨ :

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ।
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ।
ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ।
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ।
ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ।
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ । ੪੮ ।

ਇਹਨਾਂ ਵਿਚਾਰਾਂ ਤੋਂ ਪਰਗਟ ਹੈ ਕਿ ਸਾਡੀ ਵਾਸ਼ਨਾ, ਸਾਡੀ ਖੁਦਗਰਜ਼ੀ ਸਾਡਾ ਅਭਿਮਾਨ ਸਾਨੂੰ ਸ੍ਰੇਸ਼ਟਾਚਾਰ ਵਲ ਇਕ ਕਦਮ ਤੁਰਨ ਨਹੀਂ ਦੇਂਦਾ । ਇਸ ਫਾਹੀ ਵਿਚੋਂ ਨਿਕਲੇ ਬਗੈਰ ਮਨੁਖ ਅੰਦਰ ਦੈਵੀ ਗੁਣਾਂ ਲਈ ਉਤਸ਼ਾਹ ਕਿਵੇਂ ਜਾਗ ਸਕਦਾ ਹੈ ਤੇ ਪ੍ਰਭੂ ਭਗਤੀ ਕਿਵੇਂ ਹੋ ਸਕਦੀ ਹੈ । ਸੋ ਔਗੁਣਾਂ ਦਾ ਤਿਆਗਿ ਪਹਿਲੀ ਸ਼ਰਤ ਹੈ ਤਾਂ ਹੀ ਸਦਾਚਾਰ ਉਚਾ ਹੋ ਸਕਦਾ ਹੈ ਤੇ ਤਾਂ ਹੀ ਪ੍ਰਭੂ ਦੁਆਰ ਤਕ ਰਸਾਈ ਹੋ ਸਕਦੀ ਹੈ ਮੈਲੇ ਕਪੜਿਆਂ ਨਾਲ ਮਨੋਹਰ ਅਸਥਾਨ ਤੇ ਜਾਣ ਦੀ ਆਗਿਆ ਨਹੀਂ ਮਿਲਦੀ । ਭਾਵੇਂ ਕੋਈ ਪੜ੍ਹਿਆ ਲਿਖਿਆ ਹੋਵੇ, ਦੂਜਿਆਂ ਨੂੰ ਵਿਦਿਆ ਦੇਣ ਜੋਗਾ ਵੀ ਹੋਵੇ ਪਰ ਜੇ ਉਸਦੀ ਸੋਚ ਉਤੇ ਉਪਰੋਕਤ ਵਿਕਾਰਾਂ ਦਾ ਪ੍ਰਭਾਵ ਹੈ ਤਾਂ ਉਹ ਅਨੇਕਤਾ ਤੇ ਭਿੰਨ ਭੇਦ ਦੇ ਚੱਕ੍ਰ ਵਿਚ ਹੀ ਭਉਂਦੀ ਰਹੇਗੀ, ਜੀਵਨ ਦੀ ਸਾਵੀ-ਪੱਧਰੀ ਚਾਲ ਚਲਣਾ ਉਸਦੇ ਵਸ ਦੀ ਗੱਲ ਨਹੀਂ । ਜਿਤਨਾ ਚਿਰ ਸਮਾਨਤਾ ਦੀ ਸੋਝੀ ਨ ਆਵੇ ਉਤਨਾ ਚਿਰ ਸੁਤੰਤਰਤਾ ਤੇ ਨਿਰਭੈਤਾ ਦਾ ਅਹਿਸਾਸ ਨਹੀਂ ਹੁੰਦਾ । ਗੁਰੂ ਸਾਹਿਬ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਸਮਾਨਤਾ ਯਾ ਸੁਤੰਤਰਤਾ ਦੀ ਭਾਵਨਾ ਕੇਵਲ ਵਿਦਿਆ ਨਾਲ ਹੀ ਨਹੀਂ ਪ੍ਰਫੁਲਤ ਹੁੰਦੀ; ਇਸਦਾ ਅਧਾਰ ਉਹ ਅਦ੍ਰਤ ਵਾਲਾ ਨਿਸਚਾ ਹੈ ਜੋ ਨਾਮ ਸਿਮਰਨ ਦੁਆਰਾ ਹੀ ਪ੍ਰਾਪਤ ਹੁੰਦਾ ਹੈ ।

ਨਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ।
ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ।੩੨।
ਧੂਪ ਛਾਵ ਜੋ ਸਮਕਰਿ ਜਾਣੈ ।
ਬੰਧਨ ਕਾਟਿ ਮੁਕਤਿ ਘਰਿ ਆਣੈ ।੨੪।

ਨਾਨਾ ਕਰਤ ਨ ਛੂਟੀਐ ਵਿਣ ਗੁਣ ਜਮ ਪੁਰਿ ਜਾਹਿ ।
ਨ ਤਿਸ ਏਹ ਨ ਓਹ ਹੈ ਅਵਗੁਣਿ ਫਿਰਿ ਪਛੁਤਾਹਿ ।
ਨ ਤਿਸ ਗਿਆਨੁ ਨ ਧਿਆਨੁ ਹੈ ਨ ਤਿਸ ਧਰਮੁ ਧਿਆਨੁ ।
ਵਿਣ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ।੩੭।

ਇਸੇ ਸੁਤੰਤਰਤਾ ਦੇ ਭਾਵ ਨੂੰ ਪਸ਼ਟ ਕਰਨ ਲਈ ਗੁਰੂ ਜੀ ਨੇ ਇਕ ਨੁਕਤਾ ਹੋਰ ਵੀ ਅਗੇ ਲਿਆਂਦਾ ਹੈ ਕਿ ਆਮ ਤੌਰ ਤੇ ਰਾਜਸੀ ਸੱਤਾ ਜ਼ਿੰਦਗੀ ਤੇ ਹਾਵੀ ਹੋਈ ਰਹਿੰਦੀ ਹੈ । ਉਹ ਮਨੁਖ ਨੂੰ ਪੂਰਨ ਆਜ਼ਾਦੀ ਨਾਲ ਕੁਝ ਨਹੀਂ ਕਰਨ ਦਿੰਦੀ । ਗੁਰੂ ਜੀ ਇਹ ਕਹਿੰਦੇ ਹਨ ਕਿ ਸੱਚੇ ਧਰਮੀ ਦਾ ਵਿਸ਼ਵਾਸ਼ ਇਹ ਹੈ ਕਿ ਪਰਮੇਸ਼ਰ ਤੋਂ ਸਿਵਾ ਹੋਰ ਕੋਈ ਸੱਤਾ ਵਡੇਰੀ ਨਹੀਂ, ਇਸ ਲਈ ਉਹ ਉਸੇ ਨੂੰ 'ਸੋ ਪਾਤਸਾਹ ਸਾਹਾ ਪਾਤਿਸਾਹਿਬ' ਕਰਕੇ ਮੰਨਦਾ ਹੈ ਤੇ ਕਿਸੇ ਹੋਰ ਦੀ ਅਧੀਨਤਾ ਸਵੀਕਾਰ ਨਹੀਂ ਕਰਦਾ :—


www.AKJ.org

ੜਾੜੈ ਰੂੜਾ ਹਰਿ ਜੀਉ ਸੋਈ।
ਤਿਸੁ ਬਿਨ ਰਾਜਾ ਅਵਰੁ ਨ ਕੋਈ।੪੭।

ਇਸ ਪਾਸੇ ਤੁਰਦਿਆਂ ਜੇਕਰ ਪਦਾਰਥਕ ਪ੍ਰਾਪਤੀਆਂ ਤੋਂ ਜ਼ਰਾ ਵਿਰਵਾ ਵੀ ਹੋਣਾ ਪਵੇ ਤਾਂ ਜਗਿਆਸੂ ਵਿਚ ਇਤਨੇ ਕੁ ਤਿਆਗ ਦੀ ਦਲੇਰੀ ਅਵੱਸ਼ ਹੋਣੀ ਚਾਹੀਦੀ ਹੈ। ਮਾਇਆਵਾਦ, ਅਧਿਆਤਮਵਾਦ ਦੇ ਰਸਤੇ ਵਿਚ ਵੈਸੇ ਵੀ ਰੁਕਾਵਟ ਹੈ। ਜੇ ਏਸ ਖ਼ਾਤਰ ਕੁਝ ਦੁਨੀਆਦਾਰੀ ਕੁਰਬਾਨ ਕਰਨੀ ਪਵੇ ਤਾਂ ਕੋਈ ਏਡੀ ਗੱਲ ਨਹੀਂ।

ਧਨੁ ਗਇਆ ਤ ਜਾਣ ਦੇਹਿ ਜੇ ਰਾਚਹਿ ਰੰਗਿ ਏਕ।
ਮਨ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ।

ਗੁਰੂ ਸਾਹਿਬ ਫਿਰ ਤਾਕੀਦ ਕਰਦੇ ਹਨ ਕਿ ਰੱਬੀ ਕ੍ਰਿਪਾ ਬਿਨਾ ਔਗੁਣ ਅੰਦਰੋਂ ਨਿਕਲਦੇ ਨਹੀਂ ਗੁਣ ਆਉਂਦੇ ਨਹੀਂ। ਜੋ ਆਚਾਰਵਾਦੀ ਆਪਣੇ ਆਪ ਸਭ ਕੁਝ ਠੀਕ ਕਰਨਾ ਚਾਹੁੰਦੇ ਹਨ, ਉਹ ਸਫਲ ਨਹੀਂ ਹੁੰਦੇ। ਇਸਦਾ ਕਾਰਨ ਇਹ ਹੈ ਕਿ ਮਨੁਖ ਦੀ ਸੁਭਾਵਕ ਰੁਚੀ ਔਗੁਣਾਂ ਵਲ ਹੈ, ਮਾੜੇ ਕੰਮਾਂ ਵਲ ਇਸਦਾ ਧਿਆਨ ਵਧੇਰੇ ਹੈ। ਜੇਕਰ ਇਸ ਨੂੰ ਆਪੇ ਦੀ ਪਛਾਣ ਹੋ ਜਾਵੇ ਤਾਂ ਸ਼ਾਇਦ ਇਹ ਰੁਖ ਬਦਲੇ ਕਿਉਂਕਿ ਆਤਮ ਸੋਝੀ ਇਸ ਵਿਚਲੇ ਗੌਰਵ ਨੂੰ ਜਗਾ ਕੇ ਸਾਵਧਾਨ ਕਰੇਗੀ ਤੇ ਇਹ ਰਾਜਾ ਹੋ ਕੇ ਭਿਖਾਰੀ ਵਾਲੇ ਕੰਮ ਨਹੀਂ ਕਰੇਗਾ ਗੁਰੂ ਸਾਹਿਬ ਦਾ ਵਿਸ਼ਲੇਸ਼ਨ ਬਿਲਕੁਲ ਠੀਕ ਹੈ–

ਪਾਪ ਬੁਰਾ ਪਾਪੀ ਕਉ ਪਿਆਰਾ।
ਪਾਪਿ ਲਦੇ ਪਾਪੇ ਪਾਸਾਰਾ।
ਪਰਹਰਿ ਪਾਪੁ ਪਛਾਣੈ ਆਪੁ।
ਨ ਤਿਸ ਸੋਗੁ ਵਿਜੋਗੁ ਸੰਤਾਪੁ।੩੮।

ਸੋ ਅਰੰਭ ਇਥੋਂ ਹੁੰਦਾ ਹੈ ਕਿ ਪਹਿਲਾਂ ਆਪਣੇ ਆਪ ਵਿਚੋਂ ਔਗੁਣ ਕਢੋ, ਗੁਣ ਪੈਦਾ ਕਰੋ। ਫਿਰ ਆਪੇ ਦੀ ਪਛਾਣ ਕਰੋ ਕਿ ਇਹ ਕੀ ਹੈ। ਜੇ ਇਹ ਰੱਬੀ ਅੰਸ਼ ਹੈ ਤਾਂ ਇਸਦੇ ਗੌਰਵ ਨੂੰ ਕਾਇਮ ਰੱਖਣਾ ਜ਼ਰੂਰੀ ਹੈ ਪਰ ਏਸ ਕੰਮ ਲਈ ਆਸਰਾ ਪ੍ਰਭੂ ਨਾਮ ਦਾ ਲਓ। ਜਿਤਨਾ ਚਿਰ ਇਹ ਆਸਰਾ ਨਹੀਂ ਹੋਵੇਗਾ, ਮਨ ਭਟਕਦਾ ਰਹੇਗਾ, ਤ੍ਰਿਸ਼ਨਾ ਛੱਡ ਨਹੀਂ ਸਕੇਗਾ ਤੇ ਇਹ ਭੜਕਣ ਟਿਕਾਉ ਨਹੀਂ ਆਉਣ ਦੇਵੇਗੀ।

ਡੋਲਤ ਡੋਲਤ ਹੇ ਸਖੀ, ਫਾਟੇ ਚੀਰ ਸੀਗਾਰ।
ਡਾਰਪਣਿ ਤਨਿ ਸੁਖੁ ਨਹੀ,
ਬਿਨ ਡਰ ਬਿਨਠੀ ਡਾਰ।੩੦।

ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ।
ਮੈ ਤਨਿ ਅਵਗੁਣ ਝੁਰਿ ਮੁਈ,
ਵਿਣ ਗੁਣ ਕਿਉ ਘਰਿ ਜਾਹ।
ਗੁਣੀਆ ਗੁਣ ਲੇ ਪ੍ਰਭ ਮਿਲੇ,
ਕਿਉ ਤਿਨ ਮਿਲਉ ਪਿਆਰਿ।
ਤਿਨ ਹੀ ਜੈਸੀ ਥੀ ਰਹਾ, ਜਪਿ ਜਪਿ ਰਿਦੈ ਮੁਰਾਰਿ।

ਅਵਗੁਣੀ ਭਰਪੂਰ ਹੈ, ਗੁਣ ਭੀ ਵਸਹਿ ਨਾਲਿ।
ਵਿਣ ਸਤਿਗੁਰ ਗੁਣ ਨ ਜਾਪਨੀ,
ਜਿਚਰੁ ਸਬਦਿ ਨ ਕਰੇ ਬੀਚਾਰੁ।੪੪।

ਸੋ ਗੁਣ ਕਿਧਰੋਂ ਬਾਹਰੋਂ ਨਹੀਂ ਆਉਣੇ, ਇਹੋ ਇਕ ਤਸਵੀਰ ਦੇ ਚੰਗੇ ਮੰਦੇ ਪਾਸੇ ਹਨ। ਫਿਰ ਇਹ ਉਸਦੀ ਕ੍ਰਿਪਾਲਤਾ ਹੈ ਕਿ ਉਹ ਵਡਿਆਈ ਤੇ ਉਚਤਾ ਵਾਲਾ ਪਾਸਾ ਪ੍ਰਦਾਨ ਕਰੇ।

ਬਿਖਿਆ ਅੰਮ੍ਰਿਤ ਏਕੁ ਹੈ ਬੂਝੈ ਪੁਰਖੁ ਸੁਜਾਣੁ।੪੮।

ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ।
ਆਪੁ ਕਰੇ ਕਿਸੁ ਆਖੀਐ'
ਅਵਰੁ ਨ ਕੋਇ ਕਰੇਇ।੪੯

ਇਸਦਾ ਗ਼ਲਤ ਭਾਵ ਲੈ ਕੇ ਬਹੁਤ ਸਾਰੇ ਲੋਕ ਇਹ ਵੀ ਸਮਝ ਲੈਂਦੇ ਹਨ ਕਿ ਇਹ ਕੰਮ ਆਪੇ ਹੋ ਜਾਵੇਗਾ ਮਨ ਦੀ ਸਾਧਨਾ ਕਰਨ ਦੀ ਲੋੜ ਨਹੀਂ। ਗੁਰੂ ਸਾਹਿਬ ਰਾਹ ਦਸਦੇ ਹਨ ਕਿ ਮਨ ਸੁਭਾਵਕ ਤੌਰ ਤੇ ਗੁਣਾਂ ਵਲ ਜਾਣ ਵਾਲਾ ਹੈ, ਇਸ ਨੂੰ ਏਸ ਪਾਸਿਓਂ ਹਟਾਉਣਾ ਤਦੇ ਸੰਭਵ ਹੈ ਜੇ ਅੰਦਰ ਗੁਣਾਂ ਦਾ ਵਾਸਾ ਹੋਵੇ। ਸੋ ਮਨ ਦੀ ਸਾਧਨਾ ਸ੍ਰੇਸ਼ਟ ਗੁਣਾਂ ਨੂੰ ਪੈਦਾ ਕਰਨਾ ਹੈ।

ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ।
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ।੪੨।



www.AKJ.Org

ਮਨ ਨੂੰ ਮਾਰਨ ਲਈ ਬਾਣੀ ਦਾ ਪਾਠ ਵਿਚਾਰ ਵੀ ਅਤਿ ਲਾਭਕਾਰੀ ਸਿੱਧ ਹੁੰਦਾ ਹੈ, ਮਹਾਂਪੁਰਖਾਂ ਦੀ ਬਾਣੀ ਇਸਨੂੰ ਆਤਮ ਪਦ ਵਲ ਪ੍ਰੇਰਿਤ ਕਰਦੀ ਹੈ, ਪਰ ਇਸ ਖ਼ਾਤਰ ਬਿਰਤੀ ਗੁਰੂ-ਮੁਖੀ ਹੋਣੀ ਜ਼ਰੂਰੀ ਹੈ:—

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ।
ਇਹ ਬਾਣੀ ਮਹਾਂਪੁਰਖ ਕੀ ਨਿਜ ਘਰਿ ਵਾਸਾ ਹੋਇ।

ਗੁਰਮੁਖਿ ਬਣਨ ਦਾ ਭਾਵ ਹੈ, ਮਨ ਦੀ ਮਤਿ ਛਡ ਕੇ ਗੁਰੂ ਦੀ ਮਤਿ ਅਨੁਸਾਰ ਚਲਣਾ । ਇਸਦੀ ਵਿਆਖਿਆ ਵੀ ਓਅੰਕਾਰ ਵਿਚ ਮੌਜੂਦ ਹੈ ।

ਗੁਰਮੁਖਿ ਨਾਦ ਬੇਦ ਬੀਚਾਰੁ ।
ਗੁਰਮੁਖਿ ਮਜਨੁ ਚਜੁ ਆਚਾਰੁ ।
ਗੁਰਮੁਖਿ ਸਬਦੁ ਅੰਮ੍ਰਿਤ ਹੈ ਸਾਰੁ ।
ਨਾਨਕ ਗੁਰਮੁਖਿ ਪਾਵੈ ਪਾਰੁ ।੨੨।

ਜਦੋਂ ਮਨ ਦਾ ਆਦਰਸ਼ 'ਗੁਰੂ' ਬਣ ਜਾਵੇ, ਰੱਬ ਧਿਆਨ ਦਾ ਕੇਂਦਰ ਹੋਵੇ ਤਾਂ ਇਹ ਮਨ ਵੀ ਉਸੇ ਦਾ ਰੂਪ ਹੋ ਜਾਂਦਾ ਹੈ, ਸੋ ਔਗੁਣ ਛਡ ਕੇ ਗੁਣਾਂ ਦੇ ਗ੍ਰਹਿਣ ਦੁਆਰਾ ਜਦ ਆਤਮਾ ਨਿਰਮਲ ਹੋ ਜਾਂਦੀ ਹੈ ਤਾਂ ਉਹ ਖੁਦ ਬਖ਼ੁਦ ਰੱਬ ਹੋ ਨਿਬੜਦੀ ਹੈ।

ਜਿਨਿ ਜਾਤਾ ਸੋ ਤਿਸਹੀ ਜੇਹਾ ।
ਅਤਿ ਨਿਰਮਾਇਲਿ ਸੀਝਸਿ ਦੇਹਾ ।
ਰਹਸੀ ਰਾਮੁ ਰਿਦੈ ਇਕ ਭਾਇ ।
ਅੰਤਰਿ ਸਬਦੁ ਸਾਚਿ ਲਿਵਲਾਇ ।੧੦।

'ਓਅੰਕਾਰ' ਦਾ ਸਾਰ ਇਹ ਹੈ—

(੧) ਪੜ੍ਹਾਈ ਚੰਗੀ ਉਹੋ ਹੈ ਜੋ ਮਨ ਨੂੰ ਅਧਿਆਤਮਕ ਪਾਸੇ ਵਲ ਲਾਉਂਦੀ ਹੈ ।

(੨) ਇਸ ਪਾਸੇ ਲਗਣ ਲਈ ਔਗੁਣਾਂ ਦਾ ਤਿਆਗ ਜ਼ਰੂਰੀ ਹੈ ।

(੩) ਸ੍ਰੇਸ਼ਟ ਗੁਣਾ ਦਾ ਸੰਗ੍ਰਹਿ ਜੀਵਨ ਨੂੰ ਉਚੇਰਾ ਉਠਾਉਂਦਾ ਹੈ ।

(੪) 'ਆਪੇ ਦੀ ਪਛਾਣ' ਨਾਲ ਇਹ ਪ੍ਰਵਿਰਤੀ ਵਧਦੀ ਹੈ;।

(੫) ਆਤਮ ਪਛਾਣ ਲਈ ਰੱਬੀ ਸਿਮਰਨ ਜ਼ਰੂਰੀ ਹੈ, ਇਸੇ ਦੁਆਰਾ ਆਤਮਾ, ਪਰਮਾਤਮਾ ਦਾ ਆਦਰਸ਼ ਥਾਪ ਕੇ ਉਸ ਜੇਹੀ ਬਣਨ ਵਿਚ ਸਫ਼ਲ ਹੁੰਦੀ ਹੈ ।

—o—

## ਡਾਲੋ ਮਾਜਰਾ ਵਿਖੇ ਰੈਣ ਸਬਾਈ ਕੀਰਤਨ

ਸੰਮੂਹ ਗੁਰ ਸੰਗਤਾਂ ਦੀ ਸੇਵਾ ਵਿਚ ਜੋਦੜੀ ਹੈ ਕਿ ਪਿੰਡ ਡਾਲੋ ਮਾਜਰਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਖੰਡ ਕੀਰਤਨ ਦੇ ਅਦੁਤੀ ਸਮਾਗਮ ਹੋ ਰਹੇ ਹਨ, ਸੰਮੂਹ ਗੁਰ ਸੰਗਤਾਂ ਹੇਠ ਲਿਖੇ ਪਰੋਗਰਾਮ ਅਨੁਸਾਰ ਦਰਸ਼ਨ ਬਖਸ਼ਕੇ ਦਾਸਾਂ ਨੂੰ ਕ੍ਰਿਤਾਰਥ ਕਰਨ ।

### –ਪਰੋਗਰਾਮ–

| | |
|---|---|
| ਸ੍ਰੀ ਅਖੰਡ ਪਾਠ ਅਰੰਭ | 2 ਅਪਰੈਲ ਦਿਨ ਵੀਰਵਾਰ |
| ਭੋਗ ਸ੍ਰੀ ਅਖੰਡ ਪਾਠ | 4 ਅਪਰੈਲ ਦਿਨ ਸ਼ਨੀਚਰਵਾਰ |

ਉਪਰੰਤ ਕੀਰਤਨ ਆਸਾ ਦੀ ਵਾਰ 12 ਵਜੇ ਦੁਪਹਿਰ ਤਕ ਇਸੇ ਦਿਨ ਸ਼ਾਮ ਨੂੰ ਕੀਰਤਨ ਰੈਣ ਸਬਾਈ 8 ਵਜੇ ਅਰੰਭ ਹੋਵੇਗਾ । ਅੰਮ੍ਰਿਤ ਸੰਚਾਰ ਸਮਾਗਮ ਵੀ ਹੋਵੇਗਾ ।

ਨੋਟ :–ਡਾਲੋਮਾਜਰਾ ਜੀ. ਟੀ. ਰੋਡ ਸਰਹੰਦ ਰਾਜਪੁਰਾ ਵਾਲੀ ਸੜਕ ਤੇ ਹੈ, ਸਰਹੰਦ ਤੋਂ 7 ਤੇ ਰਾਜਪੁਰਾ 9 ਮੀਲ ਦੀ ਵਿਥ ਤੇ ਹੈ ।

ਦਾਸਰੇ–ਸੰਗਤ, ਡਾਲੋਮਾਜਰਾ
(ਪਟਿਆਲਾ)



www.AKJ.Org

# ਗੁਰਮਤ ਪ੍ਰਚਾਰ ਦਾ ਸਭ ਤੋਂ ਉਚਾ ਤੇ ਨਿਰਾਲਾ ਢੰਗ

(ਵਲੋਂ–ਭਾਈ ਸੋਹਨ ਲਾਲ ਸਿੰਘ ਜੀ ਬਨਾਰਸ)

(ਪਿਛੋਂ ਤੋਂ ਅਗੇ)

ਪਿਛਲੇ ਦੋ ਲੇਖਾਂ ਦਾ ਤਾਤ ਪਰਜ ਇਹ ਹੈ ਕਿ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨਾ ਅਤੀ ਜ਼ਰੂਰੀ ਹੈ ਅਤੇ ਗੁਰਬਾਣੀ ਪੜ੍ਹਨ ਵਾਸਤੇ ਇਹ ਲਾਜ਼ਮੀ ਹੈ ਕਿ ਹਰ ਬੱਚੇ ਨੂੰ ਪੰਜਾਬੀ ਦੀ ਗਿਆਤ ਕਰਾਈ ਜਾਵੇ। ਸਿਖਾਂ ਦੇ ਬਚਿਆਂ ਦੇ ਇਲਾਵਾ ਹੋਰ ਮਤਾਂ ਦੇ ਬਚਿਆਂ ਨੂੰ ਵੀ ਬਗੈਰ ਵਿਤਕਰੇ ਦੇ ਪੰਜਾਬੀ ਪੜ੍ਹਾਨਾ ਵੀ ਸਾਡਾ ਹੀ ਫਰਜ਼ ਹੈ। ਇਸ ਤਰੀਕੇ ਨਾਲ ਬਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਜਾ ਸਕਦਾ ਹੈ। ਇਸ ਵਿਚ ਜੋ ਔਕੜਾਂ ਪੇਸ਼ ਆਉਂਦੀਆਂ ਹਨ ਅਤੇ ਜਿਸ ਤਰੀਕੇ ਨਾਲ ਦਾਸ ਨੇ ਉਹਨਾਂ ਨੂੰ ਦੂਰ ਕੀਤਾ ਉਹ ਇਸ ਲੇਖ ਵਿਚ ਦਸਨ ਦਾ ਯਤਨ ਕੀਤਾ ਹੈ।

ਸਕੂਲਾਂ ਵਿਚ ਸਿਰਫ ਪੰਜਾਬੀ ਦੇ ਕੋਰਸ ਹੀ ਪੜ੍ਹਾਏ ਜਾਂਦੇ ਹਨ ਅਤੇ ਉਹ ਵੀ ਬੱਚੇ ਦਿਲ ਲਗਾ ਕੇ ਨਹੀਂ ਪੜ੍ਹਦੇ ਕਿਉਂਕਿ ਉਹਨਾਂ ਨੂੰ ਲਾਜ਼ਮੀ ਮਜ਼ਮੂਨਾਂ ਜੈਸੇ ਅੰਗਰੇਜ਼ੀ ਹਿਸਾਬ ਅਤੇ ਹਿੰਦੀ ਵਲ ਜ਼ਿਆਦਾ ਧਿਆਨ ਦੇਣਾ ਪੈਂਦਾ ਹੈ। ਭਾਵੇਂ ਕੋਰਸਾਂ ਵਿਚ ਕਿਤੇ ਕਿਤੇ ਗੁਰੂ ਘਰ ਦੀਆਂ ਸਾਖੀਆਂ ਵੀ ਹਨ ਪਰ ਨਿਰੇ ਕੋਰਸ ਪੜ੍ਹਨ ਨਾਲ ਬੱਚੇ ਗੁਰਬਾਣੀ ਨਾਲ ਨਹੀਂ ਜੁੜ ਸਕਦੇ ਤੇ ਨਾ ਕੋਈ ਗੁਰਬਾਣੀ ਕੰਠ ਕਰ ਸਕਦੇ ਹਨ। ਯਾ ਤਾਂ ਉਹਨਾਂ ਵਾਸਤੇ ਸਕੂਲਾਂ ਵਿਚ ਇਕ ਵਖਰਾ ਮਜ਼ਮੂਨ 'ਧਾਰਮਿਕ ਸਿਖਸ਼ਾ' ਰਖਿਆ ਜਾਵੇ ਜਿਸ ਤਰ੍ਹਾਂ ਕਿ ਪਹਿਲਾਂ ਖਾਲਸਾ ਸਕੂਲਾਂ ਵਿਚ ਹੋਇਆ ਕਰਦਾ ਸੀ ਯਾ ਉਹਨਾਂ ਨੂੰ ਪਰਾਈਵੇਟ ਤੌਰ ਤੇ ਪੰਜਾਬੀ ਦੇ ਨਾਲ ਗੁਰਬਾਣੀ ਅਤੇ ਗੁਰ ਇਤਿਹਾਸ ਸਾਖੀਆਂ ਆਦਿ ਪੜ੍ਹਾਏ ਜਾਣ। ਇਸ ਤੋਂ ਬਗੈਰ ਬਚੇ ਗੁਰਬਾਣੀ ਤੋਂ ਜਾਨੂੰ ਨਹੀਂ ਹੋ ਸਕਦੇ।

ਦਿਲੀ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਪੰਜਾਬੀ ਪ੍ਰਚਾਰ ਸੈਕਸ਼ਨ ਵਲੋਂ ਥਾਂ ਥਾਂ ਨਵੀਆਂ ਕਾਲੋਨੀਆਂ ਵਿਚ ਪੰਜਾਬੀ ਪੜ੍ਹਨ ਵਾਸਤੇ ਐਸੇ ਕੇਂਦਰ ਖੋਲੇ ਹੋਏ ਹਨ ਜਿਨ੍ਹਾਂ ਵਿਚ ਸਾਹਿਤ ਸਦਨ ਵਲੋਂ ੨੦ ਯਾ ੨੫ ਰੁਪੈ ਮਹੀਨਾ ਹਨ ਕੇਂਦਰ ਨੂੰ ਦੇਕੇ ਇਕ ਅਧਿਆਪਕ ਯਾ ਅਧਿਆਪਕਾ ਰਖੀ ਹੋਈ ਹੈ। ਇਹ ਇੰਤਜ਼ਾਮ ਬਹੁਤ ਸ਼ਲਾਘਾ ਯੋਗ ਹੈ ਅਤੇ ਇਸ ਤਰ੍ਹਾਂ ਦਾ ਯਤਨ ਹੋਰ ਸ਼ਹਿਰਾਂ ਯਾ ਨਗਰਾਂ ਵਿਚ ਵੀ ਕਰਨਾ ਕੋਈ ਮੁਸ਼ਕਲ ਨਹੀਂ ਹੈ ਪਰ ਇਹ ਕੰਮ ਲੋਕਲ ਸਿੰਘ ਸਭਾਵਾਂ ਯਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦਮ ਨਾਲ ਹੀ ਹੋ ਸਕਦਾ ਹੈ।

ਇਹ ਦੇਖਨ ਵਿਚ ਆਇਆ ਹੈ ਕਿ ਬਚਿਆਂ ਨੂੰ ਪਰੇਰ ਕੇ ਸਕੂਲ ਤੋਂ ਬਾਹਰ ਪੰਜਾਬੀ ਪੜ੍ਹਾਨਾ ਅਤੇ ਗੁਰਬਾਣੀ ਨਾਲ ਜੋੜਨਾ, ਹੈ ਬੜਾ ਮੁਸ਼ਕਲ। ਇਸ ਵਿਚ ਔਕੜਾਂ ਪੇਸ਼ ਆਉਂਦੀਆਂ ਹਨ ਕਿਉਂਕਿ ਬਚੇ ਪੰਜਾਬੀ ਨੂੰ ਕੋਈ ਲਾਜ਼ਮੀ ਮਜ਼ਮੂਨ ਨਹੀਂ ਸਮਝਦੇ। ਹਾਂ ਮਾਤਾ ਪਿਤਾ ਦੇ ਸਹਿਯੋਗ ਨਾਲ ਸਫਲਤਾ ਹੋ ਸਕਦੀ ਹੈ। ਕਈ ਵਾਰੀ ਬਚਿਆਂ ਦੇ ਮਾਤਾ ਪਿਤਾ ਇਕ ਬਚੇ ਨੂੰ ਪੰਜਾਬੀ ਦੀ ਪ੍ਰਾਈਵੇਟ ਕਲਾਸ ਵਿਚ ਦਾਖਲ ਕਰਾ ਜਾਂਦੇ ਹਨ। ਪਰ ਬਚਾ



www.AKJ.Org

ਥੋੜੇ ਦਿਨ ਆਕੇ ਆਉਣਾ ਬੰਦ ਕਰ ਦੇਂਦਾ ਹੈ। ਇਸ ਔਕੜ ਨੂੰ ਦੂਰ ਕਰਨ ਵਾਸਤੇ ਬਚੇ ਦਾ ਉਤਸ਼ਾਹ ਵਧਾਨ ਦੀ ਲੋੜ ਪੈਂਦੀ ਹੈ ਜਿਸ ਨਾਲ ਉਸ ਦੀ ਦਿਲਚਸਪੀ ਪੰਜਾਬੀ ਪੜ੍ਹਨ ਦੀ ਅਤੇ ਗੁਰਬਾਣੀ ਯਾਦ ਕਰਨ ਦੀ ਬਣੇ। ਕਈ ਬਚੇ ਤਾਂ ਇਹ ਕਹਿੰਦੇ ਹਨ ਕਿ ਸਾਨੂੰ ਅੰਗਰੇਜ਼ੀ ਅਤੇ ਹਿਸਾਬ ਵਲ ਜ਼ਿਆਦਾ ਧਿਆਨ ਦੇਣਾ ਪੈਂਦਾ ਹੈ ਕਿਉਂਕਿ ਅਸੀਂ ਉਨ੍ਹਾਂ ਵਿਚ ਕਮਜ਼ੋਰ ਹਾਂ। ਬਚਿਆਂ ਦੀ ਇਹ ਮੰਗ ਪੂਰੀ ਕਰਨ ਵਾਸਤੇ ਅਤੇ ਪੰਜਾਬੀ ਦਾ ਉਤਸ਼ਾਹ ਵਧਾਨ ਦੀ ਖਾਤਰ ਦਾਸ ਨੇ ਥੋੜਾ ਜਿਹਾ ਵਕਤ ਜ਼ਿਆਦਾ ਦੇ ਕੇ ਹਫਤੇ ਵਿਚ ਇਕ ਦਿਨ ਹਿਸਾਬ ਅਤੇ ਇਕ ਦਿਨ ਅੰਗਰੇਜ਼ੀ ਪੜ੍ਹਾਨ ਦਾ ਯਤਨ ਕੀਤਾ ਹੋਇਆ ਸੀ। ਇਸ ਨਾਲ ਬਚਿਆਂ ਨੂੰ ਅੰਗਰੇਜ਼ੀ ਅਤੇ ਹਿਸਾਬ ਦੀ ਟਿਊਸ਼ਨ ਮੁਫਤ ਮਿਲ ਜਾਂਦੀ ਸੀ। ਇਸ ਦੇ ਇਲਾਵਾ ਬਚਿਆਂ ਨੂੰ ਵਾਜਾ ਅਤੇ ਢੋਲਕ ਵਜਾਨ ਦਾ ਬਹੁਤ ਸ਼ੌਕ ਹੁੰਦਾ ਹੈ। ਕਈ ਬਚੇ ਇਸੇ ਖਿਆਲ ਨਾਲ ਪੰਜਾਬੀ ਪੜ੍ਹਨ ਵਾਸਤੇ ਆਉਂਦੇ ਸੀ ਕਿ ਅਸੀਂ ਵਾਜਾ ਅਤੇ ਢੋਲਕੀ ਵੀ ਸਿਖਾਂਗੇ। ਸੋ ਉਨ੍ਹਾਂ ਨੂੰ ਵਾਰੀ ਵਾਰੀ ਵਕਤ ਦੇ ਕੇ ਵਾਜਾ ਅਤੇ ਢੋਲਕੀ ਵਜਾਣਾ ਵੀ ਸਿਖਾਇਆ ਜਾਂਦਾ ਸੀ। ਇਸ ਨਾਲ ਕਰੀਬਨ ਹਰ ਬਚੇ ਨੂੰ ਢੋਲਕੀ ਵਜਾਣੀ ਤਾਂ ਚੰਗੀ ਤਰ੍ਹਾਂ ਆ ਗਈ ਸੀ ਤੇ ਕਿਸੇ ਕਿਸੇ ਬਚੇ ਨੇ ਵਾਜਾ ਵੀ ਥੋੜਾ ਬਹੁਤ ਸਿਖ ਲਿਆ ਸੀ। ਇਸ ਦੇ ਇਲਾਵਾ ਹਰ ਮਹੀਨੇ ਬਚਿਆਂ ਨੂੰ ਇਨਾਮ ਦੇਣ ਦੀ ਸਕੀਮ ਸੀ ਜਿਸ ਨਾਲ ਬਚੇ ਬੜੇ ਉਤਸ਼ਾਹ ਅਤੇ ਗਹੁ ਨਾਲ ਪੰਜਾਬੀ ਪੜ੍ਹਦੇ ਅਤੇ ਗੁਰਬਾਣੀ ਕੰਠ ਕਰਦੇ ਸੀ। ਇਨਾਮ ਲੈਣ ਵਾਸਤੇ ਹਰ ਰੋਜ਼ ਪੜ੍ਹਾਈ ਲਿਖਾਈ ਡਿਕਟੇਸ਼ਨ ਅਤੇ ਪਰਸਤਾਵ ਲਿਖਦੇ, ਜਪੁਜੀ ਸਾਹਿਬ ਅਤੇ ਸ਼ਬਦ ਕੰਠਾਗਰ ਕਰਦੇ ਅਤੇ ਵਕਤ ਸਿਰ ਪਹੁੰਚਣ ਦਾ ਯਤਨ ਕਰਦੇ ਸੀ। ਹਰ ਇਕ ਕੰਮ ਕੀਤੇ ਦੇ ਵਖੋ ਵਖ ਨੰਬਰ ਰਖੇ ਹੋਏ ਸੀ। ਹਰ ਰੋਜ਼ ਵਕਤ ਸਿਰ ਪਹੁੰਚਣ ਦੇ ਵੀ ਨੰਬਰ ਸੀ। ਅਤੇ ਸੋਦਰ ਦੇ ਪਾਠ ਤੇ ਹਾਜ਼ਰੀ ਭਰਨ ਦੇ ਵੀ ਨੰਬਰ ਸੀ। ਇਥੋਂ ਤਕ ਕਿ ਜੇ ਕੋਈ ਬਚਾ ਇਸ਼ਨਾਨ ਕਰਕੇ ਨਾ ਆਵੇ ਤਾਂ ਉਸ ਦੇ ਨੰਬਰ ਕਟੇ ਜਾਂਦੇ ਸੀ। ਹਰ ਬਚੇ ਦਾ ਰੀਕਾਰਡ ਬਾਕਾਇਦਾ ਰਖਿਆ ਜਾਂਦਾ ਸੀ ਅਤੇ ਮਹੀਨੇ ਦੇ ਅਖੀਰ ਵਿਚ ਨੰਬਰ ਜੋੜ ਕੇ ਸਭ ਦਾ ਨਤੀਜਾ ਸੁਨਾਇਆ ਜਾਂਦਾ ਸੀ ਅਤੇ ਉਸ ਦੇ ਮੁਤਾਬਕ ਹਰ ਕਲਾਸ ਦੇ ਬਚੇ ਜੋ ਪਹਿਲੇ ਦੂਸਰੇ ਅਤੇ ਤੀਸਰੇ ਨੰਬਰ ਤੇ ਆਉਂਦੇ ਉਨ੍ਹਾਂ ਨੂੰ ਇਨਾਮ ਮਿਲਦੇ ਸੀ। ਇਸ ਤਰ੍ਹਾਂ ਨਾਲ ਹਰ ਬਚਾ ਇਕ ਦੂਸਰੇ ਨਾਲੋਂ ਵਧ ਚੜ੍ਹ ਕੇ ਨੰਬਰ ਲੈਣ ਦੀ ਕੋਸ਼ਿਸ਼ ਕਰਦਾ ਸੀ ਅਤੇ ਹਰ ਇਕ ਦਾ ਉਤਸ਼ਾਹ ਵਧਦਾ ਰਹਿੰਦਾ ਸੀ।

ਦਾਸ ਹੁਣ ਅਗਸਤ ਅਤੇ ਸਤੰਬਰ ਦੇ ਥੋੜੇ ਦਿਨ ਦਿਲੀ ਰਹਿ ਕੇ ਆਇਆ ਹੈ ਉਨ੍ਹਾਂ ਬਚਿਆਂ ਨੂੰ ਇਕਤਰ ਕਰਕੇ ਫਿਰ ਉਸੇ ਤਰ੍ਹਾਂ ਸੋਦਰ ਦੇ ਪਾਠ ਅਤੇ ਕੀਰਤਨ ਦਾ ਪਰਵਾਹ ਚਲਦਾ ਰਿਹਾ ਹੈ। ਬਚਿਆਂ ਦਾ ਉਤਸ਼ਾਹ ਅਗੇ ਨਾਲੋਂ ਵੀ ਚੜ੍ਹਦੀਆਂ ਕਲਾਂ ਵਿਚ ਹੈ। ਇਕ ਦਿਨ ਰਾਮਾ ਕ੍ਰਿਸ਼ਨਾ ਪੁਰਮ ਦੀ ਸੰਗਤ ਨੇ ਮੰਗ ਕੀਤੀ ਕਿ ਬਚੇ ਸੈਕਟਰ ਨੰ: ੬ ਦੇ ਗੁਰਦੁਆਰਾ ਸਾਹਿਬ ਵਿਚ ਸੋਦਰ ਦਾ ਪਾਠ ਅਤੇ ਕੀਰਤਨ ਕਰਨ ਵਾਸਤੇ ਆਉਣ, ਸੋ ਦਾਸ ਉਨ੍ਹਾਂ ਨੂੰ ਨਾਲ ਲੈਕੇ ਗਿਆ ਸੀ ਅਤੇ ਡੇਢ ਦੋ ਘੰਟੇ ਬੜੀ ਚੜਦੀ ਕਲਾ ਵਿਚ ਕੀਰਤਨ ਅਤੇ ਸੋਦਰ ਦਾ ਪਾਠ ਹੋਇਆ ਸੀ ਉਥੋਂ ਦੀ ਸੰਗਤ ਨੇ ਬਹੁਤ ਸ਼ਲਾਘਾ ਕੀਤੀ ਅਤੇ ਬਚਿਆਂ ਨੂੰ ਮਿਠਾਈ ਖਿਲਾਈ ਫਿਰ ਟੈਕਸੀ ਵਿਚ ਬਿਠਾ ਸਾਰੇ ਬਚਿਆਂ ਨੂੰ ਨੇਤਾ ਜੀ ਨਗਰ ਘਰੋ ਘਰੀ ਪੁਚਾਇਆ। ਹੁਣ ਉਹਨਾਂ ਬਚਿਆਂ ਨੂੰ ਅਗਵਾਈ ਕਰਨ ਵਾਲਾ ਕੋਈ ਸਜਨ ਹੋਣਾ ਚਾਹੀਦਾ ਹੈ ਇਸ ਥੁੜ ਪਿਛੇ ਹੁਣ ਉਹ ਹਰਰੋਜ਼ ਇਕੱਠੇ ਨਹੀਂ ਹੁੰਦੇ ਪਰ ਜਦੋਂ ਹੁੰਦੇ ਹਨ ਬੜੇ ਪ੍ਰੇਮ ਪਿਆਰ ਨਾਲ ਕੀਰਤਨ ਅਤੇ ਸੋਦਰ ਦਾ ਪਾਠ ਰਲ ਕੇ ਕਰਦੇ ਹਨ।

ਦਾਸ ਨੂੰ ਇਹ ਵੇਖ ਕੇ ਬਹੁਤ ਖੁਸ਼ੀ ਹੋਈ ਹੈ ਕਿ ਸਾਰੇ ਬੱਚੇ ਸੋਦਰ ਦਾ ਪਾਠ ਅਪਨੇ ਅਪਨੇ ਘਰ ਵਿਚ ਆਪਣੇ ਮਾਤਾ ਅਤੇ ਪਿਤਾ ਨਾਲ ਜ਼ਰੂਰ ਕਰਦੇ ਹਨ। ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ


www.AKJ.Org

ਪਾਠ ਵੀ ਤਕਰੀਬਨ ਸਾਰੇ ਬਚੇ ਕਰਦੇ ਹਨ ਅਗੋਂ ਵਾਸਤੇ ਉਮੈਦ ਹੈ ਕਿ ਉਹ ਸਾਰੇ ਦੋਨੋਂ ਵਕਤ ਪਾਠ ਕੀਤਾ ਕਰਨਗੇ।

ਬਚਿਆਂ ਦੇ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਅਪਨੇ ਬਚੇ ਪਾਸੋਂ ਹਰ ਰੋਜ਼ ਪੁਛਨ ਕੀਹ ਤੁਸਾਂ ਅਜ ਇਸ਼ਨਾਨ ਕੀਤਾ ਸੀ, ਕੀ ਸਵੇਰੇ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਸੰਧਿਆ ਵੇਲੇ ਸੋਦਰ ਦਾ ਪਾਠ ਕੀਤਾ ਸੀ। ਦਾਸ ਨੂੰ ਇਹ ਸੁਣ ਕੇ ਬੜੀ ਖੁਸ਼ੀ ਹੁੰਦੀ ਸੀ ਜਦ ਇਕ ਬਚੇ ਨੂੰ ਜਪੁਜੀ ਸਾਹਿਬ ਦਾ ਪਾਠ ਕਰਨ ਬਾਰੇ ਪੁਛਨ ਤੇ ਉਸ ਨੇ ਉਤਰ ਦਿਤਾ 'ਜੀ ਜਦ ਤਕ ਮੈਂ ਜਪੁਜੀ ਸਾਹਿਬ ਦਾ ਪਾਠ ਨ ਕਰਾਂ ਸਾਡੀ ਮੱਮੀ ਸਾਨੂੰ ਚਾਹ ਹੀ ਨਹੀਂ ਦੇਂਦੀ।' ਧੰਨ ਹਨ ਉਹ ਗੁਰਮੁਖ ਪ੍ਰਵਾਰ ਜਿਨ੍ਹਾਂ ਵਿਚ ਇਸ ਤਰ੍ਹਾਂ ਦਾ ਵਰਤਾਰਾ ਹੈ ਅਤੇ ਧੰਨ ਹਨ ਉਹ ਗੁਰਮੁਖ ਘਰਾਨੇ ਵਿਚ ਮਾਵਾਂ ਜਿਨ੍ਹਾਂ ਬਚਿਆਂ ਨੂੰ ਅੰਮ੍ਰਿਤ ਵੇਲੇ ਉਠਾ ਕੇ ਇਸ਼ਨਾਨ ਕਰਾ ਕੇ ਨਾਮ ਬਾਣੀ ਨਾਲ ਜੋੜ ਦੇਂਦੀਆਂ ਹਨ।

ਦਾਸ ਨੂੰ ਇਹ ਸੁਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਦਾਸ ਦੇ ਪੜ੍ਹਾਏ ਹੋਏ ਬੱਚੇ ਹੌਲੀ ਹੌਲੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਸ਼ਰਨ ਲੱਗ ਕੇ ਸਹਿਜ ਪਾਠ ਅਰੰਭ ਕਰ ਰਹੇ ਹਨ। ਆਸ ਹੈ ਹੋਰ ਸ਼ਹਿਰਾਂ ਅਤੇ ਨਗਰਾਂ ਵਿਚ ਵੀ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦੇ ਯਤਨ ਕੀਤੇ ਜਾਣਗੇ ਅਤੇ ਸਾਡੀ ਸਿਖ ਫੁਲਵਾੜੀ ਦੀ ਪਨੀਰੀ ਦੀ ਪੂਰੀ ਪੂਰੀ ਸੰਭਾਲ ਹੋਵੇਗੀ ਜਿਨ੍ਹਾਂ ਬੱਚਿਆਂ ਨੂੰ ਗੁਰਬਾਣੀ ਦੀ ਗੁੜ੍ਹਤੀ ਮਿਲੀ ਹੋਵੇਗੀ ਉਹ ਵਡੇ ਹੋ ਕੇ ਦਸ਼ਮੇਸ਼ ਪਿਤਾ ਜੀ ਦੀ ਦੱਸੀ ਰਹਿਤ ਬਹਿਤ ਵਿਚ ਹਮੇਸ਼ਾ ਪੱਕੇ ਰਹਿਣਗੇ ਅਤੇ ਦੂਸਰਿਆਂ ਵਾਸਤੇ ਇਕ ਚਾਨਣ ਮੁਨਾਰਾ ਸਾਬਤ ਹੋਣਗੇ।

——

## ਲੁਧਿਆਣਾ ਵਿਖੇ ਅਖੰਡ ਕੀਰਤਨ ਸਮਾਗਮ

ਆਪ ਜੀ ਨੂੰ ਇਹ ਜਾਣ ਕੇ ਅਤੀ ਪ੍ਰਸੰਨਤਾ ਹੋਵੇਗੀ ਕਿ ਅਗੇ ਵਾਂਗ ਵੈਸਾਖੀ ਦਾ ਪੁਰਬ ਤੇ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਨਮਿਤ ਅਖੰਡ ਕੀਰਤਨ ਸਮਾਗਮ ਇਸ ਸਾਲ ਭੀ ਲੁਧਿਆਣੇ ਵਿਖੇ ਹੋਣੇ ਨੀਅਤ ਹੋਏ ਹਨ, ਇਹ ਸਮਾਗਮ 10 ਅਪਰੈਲ ਤੋਂ 14 ਅਪਰੈਲ ਤਕ ਹੋਵੇਗਾ। ਇਸ ਲਈ ਸੰਮੂਹ ਸੰਗਤਾਂ ਅਤੇ ਖ਼ਾਸਕਰ ਅਖੰਡ ਕੀਰਤਨੀ ਜਥਿਆਂ ਅਤੇ ਅਖੰਡ ਪਾਠੀਆਂ ਅਗੇ ਦੋ ਕਰ ਜੋੜ, ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ ਤਾਰੀਖਾਂ ਵਿਚ ਆਪਣੇ ਲੋਕਲ ਪਰੋਗਰਾਮ ਨਾ ਰਖੇ ਜਾਣ ਤੇ ਹੁਮ ਹੁਮਾ ਕੇ ਲੁਧਿਆਣੇ ਪਹੁੰਚ ਕੇ ਕੀਰਤਨ-ਰਸ ਭੁੰਚਣ ਅਤੇ ਲੁਧਿਆਣੇ ਦੀ ਸੰਗਤ ਦੇ ਹੌਸਲੇ ਵਧਾਉਣ ਵੇਰਵੇ ਸਹਿਤ ਪਰੋਗਰਾਮ ਅਗਲੇ ਪਰਚੇ ਵਿਚ ਛਾਪਿਆ ਜਾਵੇਗਾ। ਦਾਸਰੇ—ਅਖੰਡ ਕੀਰਤਨੀ ਜਥਾ, ਲੁਧਿਆਣਾ

---

ਰੀਵੀਊ—

ਪੁਸਤਕ—ਭਾਈ ਰੂਪ ਚੰਦ ਜੀ ਭੇਟਾ—2 ਰੁਪੈ (ਪੰਨੇ ਪੌਣੇ ਦੋ ਸੌ ਦੇ ਲਗਭਗ)

ਪ੍ਰਕਾਸ਼ਕ :—ਗਿਆਨੀ ਹਰੀ ਸਿੰਘ ਰਸਾਲਾ ਨੰ: 63 ਲੇਖਕ :—ਭਾਈ ਕਰਮ ਸਿੰਘ 'ਭੰਡਾਰੀ'

ਮਿਲਣ ਦਾ ਪਤਾ :—ਭਾਈ ਕਰਮ ਸਿੰਘ 'ਭੰਡਾਰੀ', ਮਹੱਲਾ ਖੱਤਰੀਆਂ ਕਾਲਜ ਰੋਡ, ਬਰਨਾਲਾ (ਸੰਗਰੂਰ-ਪੰਜਾਬ)

ਭਾਈ ਰੂਪ ਚੰਦ ਜੀ (ਲੇਖਕ ਭਾਈ ਕਰਮ ਸਿੰਘ 'ਭੰਡਾਰੀ') ਇਤਿਹਾਸ ਦੇ ਕਈ ਅਣਲਿਖੇ ਪਖਾਂ ਨੂੰ ਸਾਹਿਤਕ ਰੂਪ ਵਿਚ ਉਜਾਗਰ ਕਰਨ ਲਈ ਸਿਖ ਸਿਦਕਵਾਨਾਂ ਨੇ ਕਈ ਸ਼ਲਾਘਾ ਯੋਗ ਕੰਮ ਕੀਤੇ ਹਨ। ਇਸ ਲੜੀ ਵਿਚ ਹੀ ਇਹ ਉਪਰੋਕਤ ਪੁਸਤਕ ਪਾਠਕਾਂ ਦੇ ਸਾਹਮਣੇ ਪੇਸ਼ ਹੈ। ਅਜ ਤਕ ਸਤਿਗੁਰੂ ਜੀ ਦੇ ਪ੍ਰਸਿਧ ਸਿਖ 'ਭਾਈ ਰੂਪ ਚੰਦ (ਸਿੰਘ) ਜੀ' ਜਿਨ੍ਹਾਂ ਦਾ ਮਾਲਵੇ ਦੇ ਇਲਾਕੇ ਵਿਚ ਗੁਰਮਤਿ ਦੇ ਪ੍ਰਚਾਰ ਲਈ ਖਾਸ ਹਿਸਾ ਸੀ, ਸੰਬੰਧੀ ਕਿਧਰੇ ਭੀ ਕਿਸੇ ਇਕ ਥਾਂ ਕੁਝ ਪਤਾ ਨਹੀਂ ਸੀ ਲਗਦਾ। ਨੌਜੁਆਨ ਸ਼ਰਧਾਲੂ ਲੇਖਕ ਵੀਰ ਕਰਮ ਸਿੰਘ ਜੀ 'ਭੰਡਾਰੀ' ਨੇ ਇਸ ਅਣਛੋਹੇ ਮਜ਼ਮੂਨ ਤੇ ਛੋਟੀ ਉਮਰ ਵਿਚ ਹੀ ਕਾਫ਼ੀ ਕੁਝ ਲਿਖ ਕੇ ਇਕ ਸ਼ਲਾਘਾ ਯੋਗ ਕੰਮ ਕੀਤਾ ਹੈ। ਪਾਠਕਾਂ ਨੂੰ ਇਹ ਪੁਸਤਕ ਅਵੱਸ਼ ਹੀ ਪੜ੍ਹਨ ਦੀ ਪ੍ਰੇਰਨਾ ਭਰੀ ਜੋਦੜੀ ਹੈ। (ਸੰਪਾਦਕ)

ਨੋਟ—ਇਹ ਪੁਸਤਕ, ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ ਪਾਸੋਂ ਵੀ ਮਿਲ ਸਕਦੀ ਹੈ।

www.AKJ.Org

# ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ

(ਵਲੋਂ–ਸ: ਗੁਰਚਰਨ ਸਿੰਘ ਜੀ ਵਾਰਾਨਸੀ)

ਇਹ ਇਕ ਅਟੱਲ ਸਚਾਈ ਹੈ ਕਿ ਮਨੁਖ ਭਾਵੇਂ ਕਿੰਨਾ ਹੀ ਸ਼ਕਤੀਸ਼ਾਲੀ ਹੋ ਜਾਏ ਭਾਵੇਂ ਅਮੀਰ ਬਣ ਜਾਏ, ਉੱਚੀ ਕੁਲ ਵਿਚ ਜਨਮ ਲੈ ਲਵੇ, ਉਚੀ ਤੋਂ ਉਚੀ ਵਿਦਿਆ ਦਾ ਮਾਲਕ ਬਣ ਕੇ ਰਾਜ ਦਰਬਾਰ ਵਿਚ ਮਾਨ ਪ੍ਰਾਪਤ ਕਰ ਲਵੇ ਜਾਂ ਆਪਣੀ ਰੁਚੀ ਨੂੰ ਚੰਗੇ ਕੰਮਾਂ ਵਿਚ ਲਾ ਕੇ ਆਰਥਕ, ਸਮਾਜਕ ਅਤੇ ਧਾਰਮਕ ਪੱਥ ਤੇ ਮਾਨ ਵਡਿਆਈ ਪ੍ਰਾਪਤ ਕਰ ਲਵੇ, ਭਾਵੇਂ ਕਿੰਨਾ ਚੰਗਾ ਪਹਿਨ ਲਵੇ ਪਰ ਫੇਰ ਵੀ ਸਰਬ ਸ਼ਕਤੀਮਾਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁਖ ਨੂੰ ਏਹ ਨਿਸਚਾ ਕਰਾ ਦਿਤਾ ਹੈ ਕਿ ਇਹ ਸੁਹਾਵਣਾ ਰੂਪ ਕੂੜ ਭਰੀ ਦੁਨੀਆਂ ਵਿਚੋਂ ਛਡ ਕੇ ਇਕ ਦਿਨ ਅਵੱਸ਼ ਜਾਣਾ ਪਵੇਗਾ।

ਹੁਣ ਤਾਂ ਇਸ ਤੋਂ ਕੋਈ ਵੀ ਮਨੁਖ ਮੁਨਕਰ ਨਹੀਂ ਹੋ ਸਕਦਾ ਅਤੇ ਇਸ ਸਚਾਈ ਨੂੰ ਮੰਨਦਾ ਵੀ ਹੈ ਕਿ ਸਰੀਰ ਅਕਾਲ ਪੁਰਖ ਦੇ ਹੁਕਮ ਅੰਦਰ ਮਿਥੇ ਸਮੇਂ ਤੇ ਛਡਣਾ ਹੀ ਹੈ।

ਇਤਨੀ ਸੂਝ ਬੂਝ ਰਖਣ ਵਾਲਾ ਮਨੁਖ ਪਤਾ ਨਹੀਂ ਲਗਦਾ ਅਤੇ ਨਾ ਹੀ ਇਸਦਾ ਕੋਈ ਕਾਰਨ ਲਭਦਾ ਹੈ, ਕਿ ਮਨੁਖ ਦੁਨੀਆਂ ਵਿਚ ਆ ਕੇ ਜਦ ਤੋਂ ਆਪਣੀ ਹੋਸ਼ ਸੰਭਾਲਦਾ ਹੈ ਅਤੇ ਬੁਰੇ ਭਲੇ, ਪਾਪ ਪੁੰਨ, ਨੇਕੀ ਬਦੀ, ਸੱਚ ਝੂਠ ਦੀ ਪਛਾਣ ਚੰਗੀ ਤਰ੍ਹਾਂ ਆਪਣੀ ਉਚ ਬੁਧੀ ਦੇ ਸਹਿਯੋਗ ਨਾਲ ਕਰ ਸਕਦਾ ਹੈ, ਪਰ ਪਤਾ ਨਹੀਂ ਕਿਉਂ ਸ਼ੁਭ ਗੁਣ ਵਾਲੇ ਵਾਤਾਵਰਣ ਵਿਚ ਰਹਿਣਾ ਪਸੰਦ ਨਹੀਂ ਕਰਦਾ ਅਤੇ ਨਾਟਕ ਚੇਟਕ ਵਿਸ਼ੇ, ਵਿਕਾਰ, ਜੂਆ, ਸ਼ਰਾਬ ਅਤੇ ਝੂਠ ਦੀ ਦੁਨੀਆਂ ਵਿਚ ਨਿਰਦੋਸ਼ਾਂ ਦਾ ਖ਼ੂਨ ਪੀ ਕੇ ਖੁਸ਼ੀਆਂ ਮਾਨਣੀਆਂ ਪਸੰਦ ਕਰਦਾ ਹੈ।

ਬੜੇ ਬੜੇ ਦਿਮਾਗ ਇਸ ਵਿਸ਼ੇ ਤੇ ਆਪਣੀ ਰਾਏ ਦੇਣ ਵਾਸਤੇ ਫੇਲ੍ਹ ਹੋ ਗਏ। ਅਖ਼ੀਰ ਏਹ ਫੈਸਲਾ ਕੁਝ ਸੂਝਵਾਨ ਸਜਣਾਂ ਨੇ ਕੀਤਾ ਕਿ ਸਾਡੇ ਵਾਸਤੇ ਏਹ ਬੜੇ ਮਾਣ ਤੇ ਵਡਿਆਈ ਵਾਲੀ ਗੱਲ ਹੈ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਿਖ ਹਾਂ ਅਤੇ ਉਤਮ ਕਰਮਾਂ ਸਦਕਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਚਾਵਾਂ ਤੇ ਸੱਧਰਾਂ ਨਾਲ ਮਨਾਣ ਦਾ ਅਵਸਰ ਨਸੀਬ ਹੋਇਆ ਹੈ ਤਾਂ ਕਿਉਂ ਨਾ ਕੁਝ ਸੂਝਵਾਨ ਵੀਰਾਂ ਦੀ ਵੀਚਾਰ ਗੋਸ਼ਟੀ ਦਾ ਪ੍ਰਬੰਧ ਕੀਤਾ ਜਾਏ ਜਿਸ ਵਿਚ ਹਰ ਧਰਮ ਨੂੰ ਮੰਨਣ ਵਾਲੇ ਭਾਗ ਲੈਣ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਕੇਹੜੀ ਝਾਕੀ ਅਗੇ ਰਖ ਕੇ ਵੀਚਾਰ ਕੀਤੀ ਜਾਏ ਜਿਸ ਨਾਲ ਨਾ ਕੇਵਲ ਸਿਖ ਹੀ ਬਲਕਿ ਹਰ ਮਨੁਖ ਉਸ ਤੇ ਚਲੇ। ਆਪਣੇ ਜੀਵਨ ਵਿਚ ਖੁਸ਼ੀ ਦੀਆਂ ਕਿਰਨਾਂ ਪਾ ਕੇ ਹਰ ਮਨੁਖ ਦੇ ਮੁਖ ਤੇ ਗੁਰੂ ਨਾਨਕ ਦੇਵ ਜੀ ਦੀ ਸਿਫ਼ਤ ਸਲਾਹ ਹੋਵੇ।

ਮਿਥੇ ਸਮੇਂ ਵਿਦਵਾਨਾਂ ਦੀ ਵੀਚਾਰ ਗੋਸ਼ਟੀ ਅਰੰਭ ਹੋਈ ਜਿਸ ਵਿਚ ਵਿਸ਼ਾ ਸੀ ਕਿ ਸਾਡੀ ਰੋਜ਼ਾਨਾ ਜੀਵਨ ਜਾਚ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ। ਇਹ ਇਕ ਅਟੱਲ ਸਚਾਈ ਹੈ ਕਿ ਮਨੁਖਾ ਜੀਵਨ ਨੂੰ ਸਫਲ ਤੇ ਸੁਖਦਾਇਕ ਬਣਾਨ ਵਾਸਤੇ ਉਸਦੀ ਰੋਜ਼ਾਨਾ ਨਿਤ ਕਿਰਿਆ ਹੀ ਸਹਾਇਕ ਹੁੰਦੀ ਹੈ। ਰੋਜ਼ ਦੇ ਸੁਚੇ ਵੀਚਾਰਾਂ, ਸੁਚੀ ਕਿਰਤ ਤੇ ਜੀਵਨ ਦੀ ਉਸਾਰੀ ਹੁੰਦੀ ਹੈ। ਨੀਂਹਾਂ ਵਿਚ ਜੈਸਾ ਮਸਾਲਾ ਪਵੇਗਾ ਵੈਸੀ ਮਕਾਨ ਦੀ ਜ਼ਿੰਦਗੀ ਹੋਵੇਗੀ।



www.AKJ.Org

ਇਸ ਲਈ ਬਚਪਨ ਤੋਂ ਹੀ ਜੀਵਨ ਦੀ ਹਰ ਘੜੀ ਤੇ ਪਹਿਰਾ ਦੇਣਾ ਜ਼ਰੂਰੀ ਹੈ ਕਿਉਂਕਿ ਜੀਵਨ ਦਾ ਸਬੰਧ ਵਿਚਾਰਾਂ ਤੇ ਨਿਰਭਰ ਹੈ। ਸਭਾ ਵਿਚ ਵਿਦਵਾਨਾਂ ਦੇ ਆਪਣੇ ਆਪਣੇ ਫਲਦਾਇਕ ਵੀਚਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਰਖੇ, ਕਿਸੇ ਨੇ ਕਿਹਾ ਦਾਨਾ ਸਿਰ ਦਾਨ ਨਾਮਦਾਨ ਅਕਾਲ ਪੁਰਖ ਪਾਸੋਂ ਕੇਵਲ ਨਾਮ ਦੀ ਹੀ ਦਾਤ ਮੰਗੇ ਤੇ ਜੀਵਨ ਨੂੰ ਸਿਮਰਨ ਵਿਚ ਬਤੀਤ ਕਰੇ, ਕਿਸੇ ਨੇ ਨਿੰਦਾ ਦਾਨ, ਚੁਗਲੀ ਦਾਨ, ਵਿਕਾਰ ਦਾਨ, ਸ਼ਰਮ ਦਾਨ, ਅਭਿਮਾਨ ਦਾਨ, ਅਪਮਾਨ ਦਾਨ, ਕਿਸੇ ਨੇ ਸਿਖੀ ਦਾਨ, ਨਿਮਰਤਾ ਦਾਨ, ਵਿਸਮਾਦ ਦਾਨ, ਸਿਫਤ ਦਾਨ, ਸੇਵਾ ਦਾਨ, ਵਰਗੇ ਸ਼ੁਭ ਗੁਣਾਂ ਦੀ ਮੰਗ ਅਕਾਲ ਪੁਰਖ ਪਾਸੋਂ ਕਰੇ ਅਤੇ ਇਸ ਵਿਚ ਰੋਜ਼ਾਨਾ ਜੀਵਨ ਢਾਲੇ।

ਉਸ ਵਿਚ ਇਕ ਗੁਰਮੁਖ ਚੁਪ ਚਾਪ ਸੀ, ਸਭ ਨੇ ਪੁਛ ਕੀਤੀ ਗੁਰਮੁਖ ਜੀ ਆਪ ਵੀ ਆਪਣੇ ਵੀਚਾਰ ਦਸੋ। ਗੁਰਮੁਖ ਨੇ ਉਤਰ ਦਿਤਾ ਆਪ ਜਹਿ ਵਿਦਵਾਨਾਂ ਵਿਚ ਮੇਰੇ ਵਰਗਾ ਮੂਰਖ ਕੀ ਵੀਚਾਰ ਰਖ ਸਕਦਾ ਹੈ। ਸਭ ਦੇ ਮਜਬੂਰ ਕਰਨ ਤੇ ਗੁਰਮੁਖ ਕਹਿਣ ਲਗਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਲੈ ਕੇ ਅਜ ਪੰਜ ਸੌ ਸਾਲ ਹੋ ਗਏ ਮੈਂ ਏਹੀ ਸਮਝ ਸਕਿਆ ਹਾਂ ਅਤੇ ਉਹ ਕਿਹੜੀ ਜੁਗਤੀ ਹੈ ਜਿਸ ਨਾਲ ਜੀਵਨ ਜਾਚ ਦਿਸੇ ਉਹ ਹੈ "ਕਿਵ ਸਚਿਆਰਾ ਹੋਈਐ" ਇਸ ਤੋਂ ਮਨੁਖ ਨੂੰ ਇਕ ਨਵਾਂ ਜੀਵਨ ਲਭਣ ਦੀ ਪ੍ਰੇਰਨਾ ਮਿਲਦੀ ਹੈ ਅਤੇ ਗਿਆਨ ਲਭਦਾ ਹੈ ਕਿਸਤਰ੍ਹਾਂ ਰੋਜ਼ਾਨਾ ਜੀਵਨ ਵਿਚ ਸਚਾਈ ਦੀ ਵਰਤੋਂ ਕੀਤੀ ਜਾਏ ਅਤੇ ਜਿਸ ਨਾਲ ਮਨ ਆਪਣੇ ਆਪ ਹੀ ਖੁਸ਼ੀ ਨਾਲ ਝੂਮ ਉਠੇ ਪਰ ਹਰ ਵਸਤੂ ਨੂੰ ਪ੍ਰਾਪਤ ਕਰਨ ਵਾਸਤੇ ਕੁਝ ਹਮੇਸ਼ਾਂ ਅਸਥਿਰ ਰਹਿਣ ਵਾਲੀ ਵਸਤੂ ਹੈ ਅਤੇ ਮਨੁਖ ਨੂੰ ਸਦੀਵਕਾਲ ਤਕ ਸ਼ਕਤੀਸ਼ਾਲੀ ਨਿਰਭੈ ਬਣਾਂਦੀ ਹੈ ਸਚੀ ਸਿਫਤ ਸਚੀ ਸਾਲਾਹ ਕਰਕੇ ਹੀ ਸੰਸਾਰ ਵਿਚ ਵਿਸ਼ੇਸ਼ ਅਸਥਾਨ ਪ੍ਰਾਪਤ ਹੁੰਦਾ ਹੈ। ਅਤੇ ਮਨੁਖ ਚੰਗੀ ਤਰ੍ਹਾਂ ਜਾਣਦਾ ਹੈ। ਇਹ ਜਗ ਸਚੈ ਕੀ ਹੈ ਕੋਠੜੀ-ਸਚੇ ਕਾ ਵਿਚ ਵਾਸੁ ਰਖਣਾ ਬਹੁਤ ਜ਼ਰੂਰੀ ਹੈ ਅਤੇ ਭਲੇ ਪੁਰਸ਼ਾਂ ਭਗਤਾਂ ਦੀ ਸੰਗਤ ਕਰਨ ਨਾਲ ਇਹ ਸੋਝੀ ਪੈਂਦੀ ਹੈ।

ਸਤਿਗੁਰ ਮਿਲਿਐ ਸਚੁ ਪਾਇਆ।
ਜਿਨ ਵਿਚਹੁ ਆਪੁ ਗਵਾਇਆ।
ਜਿਨਿ ਸਚੋ ਸਚੁ ਬੁਝਾਇਆ।

ਪਰ ਇਸਦੀ ਪ੍ਰਾਪਤੀ ਤਾਂ ਹੀ ਹੁੰਦੀ ਹੈ ਜੇ 'ਸੁਚ ਹੋਵੈ ਤਾ ਸਚ ਪਾਈਐ' ਅੰਤ ਜਦ ਸਚ ਨੂੰ ਸਮਝ ਲੈਂਦਾ ਹੈ ਫਿਰ ਓਹ ਆਪ ਹੀ ਖੁਸ਼ੀ ਵਿਚ ਸਿਫਤ ਕਰਦਾ ਹੈ।

ਸਚੇ ਤੇਰੇ ਖੰਡ ਸਚੇ ਬ੍ਰਹਮੰਡ।

ਹੁਣ ਓਹ ਦੂਜਿਆਂ ਨੂੰ ਗਿਆਨ ਦੇਂਦਾ ਹੈ ਪਰ ਮਨੁਖ ਨੇ ਆਪਣੇ ਖੁਲੇ ਗਿਆਨ ਮੰਡਲ ਦੀ ਚਤਰਾਈ ਨਾਲ ਇਸ ਸਚ ਕਾਲ ਵਿਚ ਕੂੜ ਵਰਤਾ ਲਿਆ ਕੂੜ ਇਤਨਾ ਪ੍ਰਧਾਨ ਹੋ ਗਿਆ ਸੰਸਾਰ ਇਹ ਕਹਿਣ ਵਾਸਤੇ ਮਜਬੂਰ ਹੋ ਗਿਆ।

ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ।

ਅਤੇ ਆਪਣੇ ਹਥੀਂ ਕੰਡੇ ਬੀਜ ਕੇ ਆਪਣੇ ਬੁਰੇ ਕਰਮਾਂ ਸਦਕਾ ਅਕਾਲ ਪੁਰਖ ਅਗੇ ਅਰਦਾਸ ਕਰਦਾ ਹੈ।

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।

ਦੁਖੀ ਹੋ ਗਿਆ ਇਸ ਦਾ ਮਨ ਵਧ ਰਹੀ ਫ਼ੈਸ਼ਨ ਪ੍ਰਸਤੀ ਆਪਸ ਦੀ ਨਫ਼ਰਤ ਤੇ ਖਿਚੋਤਾਨ ਨੂੰ ਵੇਖ ਕੇ ਹੌਲੀ ਹੌਲੀ ਸੂਝ ਆਈ। ਅਨੰਦ ਇਸ ਵਿਚ ਹੈ—

'ਸਚ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ'

ਮਨ ਵਿਚ ਦੂਜਿਆਂ ਪ੍ਰਤੀ ਪਿਆਰ ਜਾਗ ਉਠਿਆ, ਬੁਰੇ ਕਰਮਾਂ ਤੋਂ ਬਚਣ ਦੇ ਯਤਨ ਕਰਨ ਲਗ ਪਿਆ ਅਤੇ ਨਾਲ ਹੀ ਹਰ ਪਾਸਿਉਂ ਇਹ ਆਵਾਜ਼ਾਂ ਮਿਲਦੀਆਂ ਹਨ ਕਿ ਸਾਡੇ ਪ੍ਰਚਾਰ ਵਿਚ ਬਹੁਤ ਕਮੀ ਹੈ ਜੇ ਕੁਝ ਪ੍ਰਚਾਰਕ ਉਪਰਾਲਾ ਕਰਦੇ ਹਨ ਤਾਂ ਉਹਨਾਂ ਦਾ ਆਪਣਾ ਜੀਵਨ ਨਹੀਂ। ਓਹ ਬੜੇ ਮਾਨ ਨਾਲ ਕਹਿੰਦੇ ਹਨ ਮੈਂ ਤਾਂ ਬਗ਼ੈਰ ਪੀਤੇ ਕੀਰਤਨ, ਗੀਤ ਜਾਂ ਕਵਿਤਾ ਆਦਿ ਨਹੀਂ ਬੋਲ ਸਕਦਾ। ਸੋਮ ਰਸ ਛੱਕ ਸਟੇਜ ਤੇ ਆ ਕੇ ਬੜੇ ਸੁੰਦਰ


www.AKJ.Org

ਗੀਤ ਲੈਕਚਰ ਆਦਿ ਕਰਨਗੇ, ਪਰ ਇਹ ਭੁਲ ਜਾਂਦੇ ਹਨ ਕਿ—

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ।

ਆਪ ਪੂਰਨ ਗੁਰਸਿਖੀ ਵਿਚ ਉਤਰ ਕੇ ਸੰਗਤ ਨੂੰ ਉਪਦੇਸ਼, ਕੀਰਤਨ, ਕਥਾ, ਲੈਕਚਰ ਦੁਆਰਾ ਕਰੇ ਤਾਂ ਸਚ ਮੁਚ ਸੰਗਤ ਤੇ ਬਹੁਤ ਰੰਗ ਚੜ੍ਹੇਗਾ।

ਇਹ ਸਭ ਕੁਝ ਹੋ ਸਕਦਾ ਹੈ, ਪਰ ਕੀਤਾ ਕੀ ਜਾਵੇ ਪ੍ਰਚਾਰਕਾਂ ਦਾ ਦੋਸ਼ ਵੀ ਨਹੀਂ ਮਨੁਖ ਨੇ ਆਪਣੇ ਕੰਨਾਂ ਨੂੰ ਐਸੀ ਗੰਦੀ ਆਦਤ ਬਣਾ ਦਿਤੀ ਹੈ ਕਿ ਉਹ ਆਪਣੀ ਜ਼ੁਮੇਂਵਾਰੀ ਨਿਭਾਉਂਦੇ ਹੀ ਨਹੀਂ ਅਤੇ ਇਸ ਉਪਦੇਸ਼ ਨੂੰ ਭੁਲ ਗਏ ਕੇਵਲ ਨਿੰਦਾ ਚੁਗਲੀ ਝੂਠ ਨੂੰ ਹੀ ਮੁਖ ਰਖਦੇ ਹਨ।

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ
ਸੁਣਹੁ ਸਤਿ ਬਾਣੀ।

ਇਹਨਾਂ ਕੰਨਾਂ ਆਪਣਾ ਮਾਰਗ ਛਡ ਕੇ ਚੰਗੇ ਰਾਹਾਂ ਤੇ ਚਲਣ ਦਾ ਯਤਨ ਛਡ ਦਿਤਾ ਜਿਥੇ ਵੀ ਚਾਰ ਭਰਾ ਜਾਂ ਚਾਰ ਭੈਣਾਂ ਰਲ ਬੈਠਦੇ ਹਨ, ਉਹਨਾਂ ਦਾ ਵਿਸ਼ਾ ਕੇਵਲ ਦੂਜਿਆਂ ਦੀ ਬੁਰਿਆਈ ਤੇ ਚੁਗਲੀ ਤੋਂ ਸ਼ੁਰੂ ਹੁੰਦਾ ਹੈ। ਉਹ ਇਹ ਖੇਚਲ ਕਰਦੇ ਹੀ ਨਹੀਂ ਕਿ ਕੋਈ ਧਾਰਮਕ ਵੀਚਾਰ ਜਾਂ ਸਚ ਦੀ ਸਿਫਤ ਕਰਨ, ਸਚ ਨੂੰ ਸਲਾਹਣ, ਸਚ ਦੀ ਓਟ ਲੈਣ, ਸਚ ਦੀ ਸ਼ਰਨ ਪੈਣ, ਸਚ ਨੂੰ ਜਾਨਣ ਦੀ ਖੇਚਲ ਕਰਨ, ਸਚ ਹੀ ਮਾਨਣ, ਸਦਾ ਸਚ ਹੀ ਬੋਲਣ ਦੀ ਆਦਤ ਬਨਾਣ ਉਹ ਇਸ ਵਾਸਤੇ ਕਿ 'ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ' ਸਚ ਵਿਚ ਵਿਸ਼ੇਸ਼ ਗੁਣ ਹੈ ਕਿ ਪਿਛਲੇ ਕੀਤੇ ਪਾਪਾਂ ਨੂੰ ਬਖ਼ਸ਼ਾਵਣ ਵਿਚ ਪੂਰਾ ਸਹਾਈ ਹੁੰਦਾ ਹੈ ਸਚ ਤਾਂ ਦਰਗਾਹ ਵਿਚ ਮੁਖ ਉਜਲਾ ਕਰਦਾ ਹੈ ਅਤੇ ਮਨੁਖ ਨੂੰ ਬਾਰ ਬਾਰ ਸਮਝਾਂਦਾ ਹੈ—

'ਓਥੈ ਸਚੇ ਹੀ ਸਚਿ ਨਿਬੜੈ' ਸੰਸਾਰ ਵਿਚ ਮਨੁਖ ਜੈਸੀ ਖੱਟੀ ਕਰ ਲਵੇਗਾ ਤੈਸਾ ਹੀ ਨਿਬੇੜਾ ਹੋਣਾ ਹੈ। ਬਾਣੀ ਪੁਕਾਰ ਪੁਕਾਰ ਕੇ ਕਹਿੰਦੀ ਹੈ—

'ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੇ ਜੀਉ'

ਇਹ ਸਚ ਹੀ ਹੈ ਜੋ ਮਨੁਖ ਨੂੰ ਜੀਵਨ ਜਾਚ ਰੋਜ਼ਾਨਾ ਜੁਗਤੀ ਦਾ ਰਾਹ ਦਸਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਫੈਸਲਾ ਦੇ ਦਿਤਾ ਹੈ—

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।

ਅਤੇ ਉਹ ਵਡਭਾਗੀ ਪੁਰਸ਼ ਹੋਵੇਗਾ ਜਿਸਦੇ ਮਨ ਵਿਚ ਇਹ ਉਪਦੇਸ਼ ਵਾਸਾ ਕਰਦਾ ਹੈ ਉਹ ਫੇਰ ਦੁਨਿਆਵੀ ਢਕੋਂਸਲੇ ਤੋਂ ਨਹੀਂ ਡਰਦਾ ਉਹ ਨਿਡਰ ਹੋ ਕੇ ਆਖਦਾ ਹੈ—

'ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ'

ਐਸੇ ਗੁਰਮੁਖਾਂ ਦਾ ਮਨ ਸਚਾ, ਮੁਖ ਸਚਾ ਹੁੰਦਾ ਹੈ ਤੇ ਚਰਨਧੂੜ ਮਸਤਕ ਤੇ ਲਾ ਕੇ ਅਖ਼ੀਰ ਇਹ ਸੂਝ ਪੈਂਦੀ ਹੈ ਕਿ ਇਸ ਕਪੜ ਰੂਪੀ ਸੰਸਾਰ ਨੂੰ ਇਕ ਦਿਨ ਛਡਣਾ ਹੈ। ਇਹ ਮਨੁਖ ਜ਼ਾਤ ਪਾਤ, ਊਚ ਨੀਚ, ਪਾਪ ਪੁਨ, ਚੋਰੀ ਚਕਾਰੀ, ਯਾਰੀ ਦੋਸਤੀ, ਪਰਾਇਆ ਹਕ, ਧੱਕਾਜ਼ੋਰੀ ਨੂੰ ਛਡ ਕੇ ਆਪਣੇ ਆਪ ਨੂੰ ਸਚ ਦੀ ਛੋਹ ਪ੍ਰਾਪਤ ਕਰ ਕੇ ਆਪਣੇ ਰੋਜ਼ਾਨਾ ਜੀਵਨ ਵਿਚ ਖ਼ੁਸ਼ੀਆਂ ਮਾਣੇ, ਬਸ ਇਹ ਨਾਨਕ ਲੇਖੇ ਇਕ ਗਲ ਹੈ।

ਸਾਰੇ ਮੇਰੇ ਵੀਰ ਤੇ ਭੈਣਾਂ, ਬਜ਼ੁਰਗ ਜਾਂ ਬਚੇ ਇਸ ਤੁਛ ਵਿਚਾਰ ਨੂੰ ਪੜ੍ਹ ਕੇ ਸੇਵਕ ਨੂੰ ਸਚ ਤੇ ਚਲਣ ਦਾ ਬਲ ਬਖ਼ਸ਼ੋ, ਆਪ ਦੀ ਅਸ਼ੀਰਵਾਦ ਸਦਕਾ ਹੀ ਇਹ ਅਪਣੀ ਸ਼ਰਧਾ ਦੇ ਫੁਲ ਆਪ ਦੇ ਚਰਨਾਂ ਵਿਚ ਭੇਟ ਕੀਤੇ ਹਨ, ਅਗੇ ਵਾਸਤੇ ਕਲਮ ਵਿਚ ਬਲ ਬਖਸ਼ਣਾ। ਉਤਸ਼ਾਹ ਖੁਸ਼ੀਆਂ ਬਰਕਤਾਂ ਨਾਲ ਗੁਰ ਨਾਨਕ ਸਭ ਦੀਆਂ ਝੋਲੀਆਂ ਭਰੇ।

——


www.AKJ.Org

# ਸਿਖੀ ਮਿਸ਼ਨ

(ਵਲੋਂ:–ਭਾਈ ਮਨਮੋਹਨ ਸਿੰਘ ਜੀ ਬੁਤਾਲਾ)

ਅਸੀਂ ਸਾਰੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਸਿਖੀ ਦੇ ਧਾਰਨੀ ਹਾਂ ਸਾਰੇ ਭਾਰਤ ਅੰਦਰ ਤਰ੍ਹਾਂ ਤਰ੍ਹਾਂ ਦੇ ਧਰਮਾਂ ਦੀ ਪ੍ਰੰਮਪਰਾ ਦਾ ਬਹੁਤ ਜ਼ੋਰ ਸੀ। ਜਿਸ ਤਰ੍ਹਾਂ ਅਜ ਭੀ ਹੈ ਜ਼ਾਤ-ਪਾਤ ਦਾ ਬਹੁਤ ਹੀ ਵਿਤਕਰਾ ਸੀ । ਲੇਕਿਨ ਗੁਰੂ ਬਾਬੇ ਨੇ ਆ ਕੇ ਸਾਰੇ ਵਹਿਮਾਂ ਨੂੰ ਦੂਰ ਕੀਤਾ ਅਤੇ ਸਚ ਦਾ ਮਾਰਗ ਜੰਤਾ ਦੇ ਸਾਹਮਣੇ ਪੇਸ਼ ਕੀਤਾ ਜਿਸ ਵਿਚ ਕਈ ਨਿਯਮ ਆ ਜਾਂਦੇ ਹਨ ਇਹਨਾਂ ਸਾਰੇ ਨਿਯਮਾਂ ਦਾ ਨਾਮ ਹੀ ਸਿਖ ਹੈ ।

ਸਿਖ ਧਰਮ ਦੇ ਆਗੂ ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ ਨੇ ਬਾਬਰ ਜਹੇ ਜਾਬਰ ਬਾਦਸ਼ਾਹ ਅਗੇ ਲੋਹਾ ਲਿਆ ਉਸ ਸਮੇਂ ਦੀ ਭੁਲੀ ਹੋਈ ਜੰਤਾ ਨੂੰ ਸਿਧੇ ਰਾਹੇ ਪਾਇਆ । ਕਿਧਰੇ ਸਿਧਾਂ ਨਾਲ ਚਰਚਾ, ਪੰਡਤਾਂ ਨਾਲ ਝਗੜੇ, ਵਲੀਆਂ ਦੇ ਹੰਕਾਰ ਗਵਾਏ ਭਾਗੋ ਦੀ ਖੂਨ ਦੀ ਕਿਰਤ ਨੂੰ ਨਿੰਦਿਆ ਤੇ ਲਾਲੋ ਜਹੇ ਗਰੀਬ ਨੂੰ ਗਲੇ ਲਗਾਇਆ ਕਿਉਂਕਿ ਗੁਰੂ ਜੀ ਦੀ ਡਿਊਟੀ ਹੀ ਇਸ ਸੰਸਾਰ ਅੰਦਰ ਉਦੋਂ ਲਗੀ ਸੀ ਜਦੋਂ ਏਥੇ ਹੋਰ ਕੋਈ ਕੰਟਰੋਲ ਨਹੀਂ ਸੀ ਕਰ ਸਕਦਾ ਇਸ ਪ੍ਰਥਾਇ ਤਾਂ ਹੀ ਤਾਂ ਲਿਖਿਆ ਹੈ:–

ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ।

ਜਦੋਂ ਧਰਮ ਨਿਆਂ ਬਿਲਕੁਲ ਦੁਨੀਆਂ ਚੋਂ ਖਤਮ ਹੋ ਜਾਵੇ ਤਾਂ ਉਹ ਅਕਾਲ ਪੁਰਖ ਜ਼ਰੂਰ ਕੋਈ ਰਹਿਬਰ ਦੁਨੀਆਂ ਦੇ ਉਧਾਰ ਕਰਨ ਨੂੰ ਭੇਜਦਾ ਹੈ ।

ਕਲਿ ਤਾਰਣ ਗੁਰੁ ਨਾਨਕ ਆਇਆ ।

ਇਸ ਕਲੀ ਕਾਲ ਵਿਚ ਗੁਰੂ ਨਾਨਕ ਜੀ ਦੀ ਏਥੇ ਡੀਊਟੀ ਲਗੀ ਸੀ । ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਪਾਤਸ਼ਾਹੀਆਂ ਦਾ ਇਕੋ ਮਿਸ਼ਨ ਸੀ। ਇਤਨੇ ਲੰਮੇ ਅਰਸੇ ਵਿਚ ਗੁਰੂ ਸਾਹਿਬਾਂ ਨੇ ਸਾਨੂੰ ਕਈ ਕੌਤਕ ਦਿਖਾਏ ਸਿਰਫ ਸਾਨੂੰ ਸੌਖੇ ਤਰੀਕੇ ਨਾਲ ਸਮਝਾਉਣ ਲਈ, ਹੇਰਾ ਫੇਰੀ ਨਾਲ ਮਾਇਆ ਇਕੱਠੀ ਕੀਤੀ ਦੇ ਭੋਜਨ ਚੋਂ ਖੂਨ ਤੇ ਦਸਾਂ ਨਵਾਂ ਦੀ ਕਿਰਤ ਚੋਂ ਦੁਧ ਇਸ ਦਾ ਮਤਲਬ ਕਿ ਸਾਡੇ ਪਾਸ ਧੰਨ ਭਾਵੇਂ ਥੋੜਾ ਹੋਵੇ ਤੇ ਅਸੀਂ ਭਾਵੇਂ ਆਪਣੀ ਕਮਾਈ ਚੋਂ ਦਸਵੰਧ ਭੀ ਕਢੀਏ ਪਰ ਹੋਵੇ ਧਰਮ ਦੀ ਕਿਰਤ, ਨੇਕ ਨੀਯਤ ਦੀ ਕਿਰਤ, ਗਰੀਬ ਤੇ ਮਜ਼ਲੂਮਾਂ ਦੇ ਖੂਨ ਦਾ ਬਣਿਆ ਧੰਨ ਕਿਸੇ ਕੰਮ ਨਹੀਂ ਭਾਵੇਂ ਉਸ ਧੰਨ ਦੇ ਹਜ਼ਾਰਾਂ ਪਾਠ ਤੇ ਜਗ ਲਗਾਈ ਜਾਵੇ ਕੁਰਸ਼ੇਤਰ ਜਹੇ ਤੀਰਥਾਂ ਉਤੇ ਭਾਵੇਂ ਹਜ਼ਾਰਾਂ ਸਾਲ ਸੂਰਜ ਨੂੰ ਪਾਣੀ ਦਿੰਦੇ ਰਹੋ ਪਰ ਇਹ ਮੁਕਤੀ ਦਾ ਸਾਧਨ ਨਹੀਂ ਹੈ ਦਸਮੇਸ਼ ਪਿਤਾ ਦੇ ਦਰਬਾਰ ਵਿਚ ਜਦੋਂ ਇਕ ਮਦਾਰੀ ਆਇਆ ਤਾਂ ਰਿਛ ਦਾ ਤਮਾਸ਼ਾ ਵੇਖ ਕੇ ਸਾਰੇ ਸਿੰਘ ਖੁਸ਼ ਹੋਏ ਅਤੇ ਚੌਰ ਕਰਦਾ ਸਿੰਘ ਤਾਂ ਸਭ ਤੋਂ ਜ਼ਿਆਦਾ ਖੁਸ਼ ਸੀ ਪਰ ਜਦੋਂ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਤੇਰਾ ਪਿਤਾ ਸੋਭਾ ਸਿੰਘ ਹੈ ਤਾਂ ਚੌਰ ਹੱਥ ਵਿਚੋਂ ਛੁਟ ਗਿਆ ਤੇ ਧੜਮ ਕਰਦਾ ਬਹਾਦਰ ਸਿੰਘ ਜ਼ਮੀਨ ਤੇ ਜਾ ਪਿਆ । ਹੈਂ ਹੈਂ ਮੇਰਾ ਪਿਤਾ ਜੋ ਸਾਰੀ ਉਮਰ ਆਪ ਦੇ ਦਰਬਾਰ ਲੰਗਰ ਦੀ ਸੇਵਾ ਕਰਦਾ ਮਰ ਗਿਆ ਪਰ ਉਹ ਮਰਨ ਤੋਂ ਬਾਅਦ ਰਿਛ ? ਫਿਰ ਇਸ ਰੂਹਾਨੀ ਦਰਬਾਰ ਵਿਚ



www.AKJ.Org

ਆਉਣ ਦਾ ਕੀ ਫਾਇਦਾ ਪਰ ਜਦੋਂ ਕਲਗੀਧਰ ਪਿਤਾ ਨੇ ਸਾਰੀ ਵਿਥਿਆ ਦਸੀ ਕਿ ਸੋਭਾ ਸਿੰਘ ਸਿਖ ਜ਼ਰੂਰ ਸੀ ਪਰ ਉਸ ਵਿਚ ਹੰਕਾਰ ਬਹੁਤ ਜਲਦੀ ਆ ਜਾਂਦਾ ਸੀ ਤੇ ਹਉਮੈ ਨਾਵੈ ਨਾਲ ਵਿਰੋਧ ਹੈ। ਇਸ ਕਰਕੇ ਹੰਕਾਰੀ ਸਰੀਰ ਵਿਚ ਨਾਮ ਦਾ ਪ੍ਰਵੇਸ਼ ਹੀ ਨਹੀਂ ਹੋ ਸਕਦਾ ਪਰ ਰਿਛ ਬਨਣੇ ਦਾ ਸਰਾਫ ਤਾਂ ਇਕ ਗੁਰਮੁਖ ਪਿਆਰੇ ਨੇ ਹੀ ਦਿਤਾ ਸੀ ਜੋ ਇਸ ਦਰਬਾਰ ਵਿਚ ਜੁਤੇ ਹੋਏ ਗਡੇ ਨੂੰ ਖਲਿਆਰ ਕੇ ਦੇਗ ਵੰਡਣ ਦੇ ਟਾਈਮ ਪ੍ਰਸਾਦ ਲੈਣ ਲਈ ਆਇਆ। ਉਹ ਬੜੇ ਪਿਆਰ ਨਾਲ ਦਰਬਾਰ ਵਿਚ ਆਇਆ ਪਰ ਉਸ ਦੇ ਚੇਹਰੇ ਤੇ ਰਸਤੇ ਦੀ ਧੂੜ ਪਈ ਹੋਈ ਸੀ ਅਤੇ ਪੈਰਾਂ ਉਤੇ ਕਾਫੀ ਗਰਦ ਵੀ ਸੀ ਸੋਭਾ ਸਿੰਘ ਨੇ ਦੇਗ ਵੰਡਦੇ ਵੰਡਦੇ ਉਸ ਨੂੰ ਕਿਹਾ ਕਿ ਆਪਣੀ ਸ਼ਕਲ ਵਲ ਨਹੀਂ ਵੇਖਦਾ ਤੇ ਕਿਸ ਤਰ੍ਹਾਂ ਰਿਛ ਵਾਂਗੂ ਅਗਾਂਹ ਵਧਦਾ ਆਉਂਦਾ ਹੈਂ ਉਸ ਗਰਮੁਖ ਪਿਆਰੇ ਨੇ ਪ੍ਰਸ਼ਾਦ ਦਾ ਇਕ ਕਿਣਕਾ ਭੁੰਞੇ ਡਿਗਾ ਹੋਇਆ ਹੀ ਚੁਕ ਕੇ ਮੂੰਹ ਵਿਚ ਪਾ ਲਿਆ ਪਰ ਜਾਂਦਾ ਹੋਇਆ ਕਹਿ ਗਿਆ ਕਿ ਚੰਗਾ ਭਾਈ ਰਿਛ ਹੀ ਬਣੇਗਾ ਉਹ ਵਿਖਾਵੇ ਵਾਲਾ ਸਿਖ ਨਹੀਂ ਸੀ ਪੂਰਾ ਧਰਮ ਦਾ ਧਾਰਨੀ ਅਤੇ ਗੁਰੂ ਘਰ ਨਾਲ ਸਚੇ ਦਿਲੋਂ ਪਿਆਰ ਕਰਨ ਵਾਲਾ ਸਿਖ ਸੀ ਜਿਸ ਦੇ ਬਚਨਾਂ ਵਿਚ ਇਤਨੀ ਸ਼ਕਤੀ ਹੋਈ ਕਿ ਮਰਨ ਤੋਂ ਬਾਅਦ ਤੇਰਾ ਪਿਤਾ ਰਿਛ ਦੀ ਜੂਨ ਵਿਚ ਪਿਆ ਹੈ ਗੁਰੂ ਘਰ ਵਿਚ ਇਸ ਦੀ ਸੇਵਾ ਭਗਤੀ ਭੀ ਮਨਜ਼ੂਰ ਹੈ ਇਸ ਕਰਕੇ ਇਹ ਜ਼ਿਆਦਾ ਚਿਰ ਇਸ ਜੂਨੀ ਵਿਚ ਨਹੀਂ ਭਟਕੇਗਾ। ਇਹ ਸਾਰਾ ਕੌਤਕ ਗੁਰੂ ਜੀ ਨੇ ਸਾਨੂੰ ਮੁਖ ਰਖ ਕੇ ਹੀ ਕੀਤਾ ਕਿ ਐਵੇਂ ਕੋਈ ਸਿਖ ਥੋੜੀ ਸੇਵਾ ਕਰਕੇ ਜਾਂ ਬਾਹਰ ਦਾ ਲਿਬਾਸ ਧਾਰ ਕੇ ਹੀ ਮੁਕਤੀ ਦਾ ਆਸਵੰਦ ਹੀ ਨਾ ਬਣਿਆ ਰਹੇ ਸੇਵਾ ਭਾਵ ਅਤੇ ਨਾਮ ਇਹ ਸਭ ਨੂੰ ਸੋਧਣ ਦੇ ਹੀ ਉਪਾ ਹਨ 'ਮਨ ਜੀਤੇ ਜਗ ਜੀਤ' ਬਸ ਜੋ ਕੁਝ ਭੀ ਅਸੀਂ ਕਰਦੇ ਹਾਂ ਹਉਮੈ ਤੋਂ ਰਹਿਤ ਕਰੀਏ ਤਾਂ ਹੀ ਦਰਗਾਹ ਵਿਚ ਉਹ ਘਾਲ ਮਨਜ਼ੂਰ ਹੁੰਦੀ ਹੈ ਇਸ ਘਰ ਤਾਂ ਗਰੀਬ ਨਿਮਾਣੇ ਸਾਧ ਸੰਗਤ ਦੀ ਜੋੜਿਆਂ ਦੀ ਧੂੜ ਬਣ ਕੇ ਵਿਚਰਨਾ ਚਾਹੀਦਾ ਹੈ ਜੇ ਏਥੇ ਆ ਕੇ ਭੀ ਹਉਮੈ ਸਾਡੇ ਗਲੋਂ ਨਾ ਲਥੀ ਤਾਂ ਕੋਈ ਥਾਂ ਹੀ ਨਹੀਂ, ਇਸ ਤੋਂ ਪਿਛਾ ਛਡਾਉਣਾ ਵੀ ਅਸੀਂ ਤਾਂ ਥੋੜੀ ਥੋੜੀ ਗਲ ਕਰ ਕੇ ਮੈਂ ਇਤਨਾ ਰੁਪਿਆ ਦਾਨ ਕੀਤਾ ਮੈਂ ਇਤਨੇ ਪਾਠਾਂ ਦੇ ਆਪਣੇ ਘਰ ਵਿਚ ਭੋਗ ਪਵਾਏ ਨਹੀਂ ! ਨਹੀਂ ! ਅਸੀਂ ਕੌਣ ਹਾਂ ਉਹ ਵਾਹਿਗੁਰੂ ਆਪ ਹੀ ਸਭ ਕੁਝ ਕਰਾ ਰਿਹਾ ਹੈ।

ਸਭ ਤੋਂ ਵਡਾ ਲਾਹ ਦੁਨੀਆਂ ਵਿਚ ਆਕੇ ਨਾਮ ਜਪਨ ਦਾ ਹੀ ਹੈ ਇਸ ਨਾਮ ਦੀ ਕਮਾਈ ਨਾਲ ਬਾਕੀ ਰੋਗ ਦੂਰ ਹੋ ਜਾਂਦੇ ਹਨ। ਦਸਮੇਸ਼ ਪਿਤਾ ਦੇ ਸਭ ਤੋਂ ਵਡੇ ਲਿਖਾਰੀ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਬੰਦਗੀ ਵਿਚ ਕਮਾਲ ਹਾਸਲ ਕਰਨਾ ਹੀ ਜ਼ਿੰਦਗੀ ਦੀ ਸਭ ਤੋਂ ਵਡੀ ਪਰਾਪਤੀ ਹੈ ਤੇ ਇਹੀ ਜ਼ਿੰਦਗੀ ਦੀ ਆਖਰੀ ਮੰਜ਼ਲ ਹੈ —

ਬੰਦਗੀ ਬਾਸ਼ਦ ਕਮਾਲੇ ਬੰਦਗੀ।
ਬੰਦਗੀ ਬਾਸ਼ਦ ਨਿਸ਼ਾਨੇ ਬੰਦਗੀ।

ਇਹ ਮਨੁਖਾ ਜਨਮ ਫੇਰ ਪਤਾ ਨਹੀਂ ਕਦੋਂ ਮਿਲੇ ਅਗੇ ਹੀ ਕਿਤੇ ਦੇ ਕਿਤੇ ਭਟਕਦੇ ਹੋਏ ਇਸ ਜਨਮ ਨੂੰ ਧਾਰਨ ਕੀਤਾ ਹੈ।

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ।
ਨਾਨਕ ਨਾਮੁ ਸਮਾਲਿ ਤੂ ਸੋ ਦਿਨੁ ਨੇੜਾ ਆਇਓਇ।

ਉਦਾਹਰਣ ਵਜੋਂ—

ਇਕ ਬਹੁਤ ਵਡਾ ਮਕਾਨ ਹੈ ਜੋ ਕਈ ਹਜ਼ਾਰ ਮੀਲ ਲੰਮਾ ਚੌੜਾ ਹੈ ਉਸ ਨੂੰ ਹਜ਼ਾਰਾਂ ਹੀ ਦਰਵਾਜ਼ੇ ਹਨ ਪਰ ਸਾਰੇ ਬੰਦ ਹਨ ਸਿਰਫ ਇਕ ਦਰਵਾਜ਼ਾ ਹੀ ਖੁਲ੍ਹਾ ਹੈ ਇਸ ਦਰਵਾਜ਼ੇ ਵਿਚ ਲੰਘ ਕੇ ਕੋਈ ਅੰਨ੍ਹਾ ਆਦਮੀ ਉਸ ਮਕਾਨ ਵਿਚ ਪ੍ਰਵੇਸ਼ ਕਰ ਜਾਂਦਾ ਹੈ ਕਾਫੀ ਚਿਰ ਬਾਅਦ ਉਸ ਨੂੰ ਬਾਹਰ ਨਿਕਲਣ ਦਾ ਫੁਰਨਾ ਫੁਰਿਆ ਪਰ ਨਿਕਲੇ ਕਿਸ ਤਰ੍ਹਾਂ ਦੀਵਾਰਾਂ ਦੀ ਓਟ ਦੇ ਨਾਲ ਜਦੋਂ ਚਲਿਆ ਆਉਂਦਾ ਹੈ ਤਾਂ ਖੁਲ੍ਹੇ ਦਰਵਾਜ਼ੇ ਲਾਗੇ ਆ ਕੇ ਉਸ ਦੇ ਸਰੀਰ ਦੇ ਹਿਸੇ ਵਿਚ ਖੁਰਕ ਹੁੰਦੀ ਹੈ ਤਾਂ ਉਹ ਤੁਰਿਆ ਜਾਂਦਾ ਦੀਵਾਰ ਨਾਲੋਂ ਹਥ ਛਡ ਕੇ ਖਾਜ ਕਰਨ ਲਗ ਜਾਂਦਾ ਹੈ। ਉਹ ਖੁਲ੍ਹਾ ਦਰਵਾਜ਼ਾ ਲੰਘਣ ਨਾਲ ਉਸ ਨੂੰ ਹਜ਼ਾਰਾਂ ਮੀਲ ਦਾ ਸਫਰ ਕਰਨਾ ਪੈਂਦਾ ਹੈ। ਪਰ ਏਸੇ ਤਰ੍ਹਾਂ ਉਹ ਭਟਕਦਾ ਫਿਰਦਾ ਫੇਰ ਕਈ ਵਾਰ ਉਹ ਖੁਲ੍ਹਾ ਦਰਵਾਜ਼ਾ ਲੰਘ ਜਾਂਦਾ ਹੈ ਅਖੀਰ ਪੁਕਾਰ ਕਰਦਾ ਹੈ। ਮੈਂ ਅੰਨ੍ਹਾਂ ਹਾਂ ! ਅਖਾਂ ਵਿਚ ਲੋਅ ਨਹੀਂ ਹੈ ! ਇਥੇ ਹਨੇਰ ਕੋਠੜੀ ਵਿਚ ਮੈਂ ਕਈ ਚਿਰ ਤੋਂ ਟਕਰਾਂ ਮਾਰਦਾ ਫਿਰਦਾ ਹਾਂ। ਕਿਸੇ ਨੂੰ ਮੇਰੇ ਉਤੇ ਤਰਸ ਭੀ ਨਹੀਂ ਆਉਂਦਾ? ਮੈਨੂੰ ਕੋਈ ਸਹਾਰਾ ਦਿਓ ! ਤਾਕਿ ਮੈਂ ਇਸ ਹਨੇਰੇ ਵਿਚੋਂ ਬਾਹਰ ਆ ਸਕਾਂ। ਮੈਂ ਏਥੇ ਬਹੁਤ ਔਖਾ ਹਾਂ, ਅਖੀਰ ਉਸ ਨੂੰ ਇਕ ਐਸੀ ਆਵਾਜ਼ ਸੁਣਾਈ ਦਿਤੀ ਕਿ ਇਹ ਬਹੁਤ


www.AKJ.Org

ਲੰਮਾ ਮਕਾਨ ਹੈ ਇਸ ਦੇ ਕਈ ਦਰਵਾਜ਼ੇ ਹਨ। ਪਰ ਇਨ੍ਹਾਂ ਸਾਰਿਆਂ ਵਿਚੋਂ ਖੁਲ੍ਹਾ ਸਿਰਫ਼ ਇਕੋ ਹੀ ਹੈ ਜਦੋਂ ਤੂੰ ਖੁਲ੍ਹੇ ਦਰਵਾਜ਼ੇ ਕੋਲ ਜਾਂਦਾ ਹੈਂ ਤਾਂ ਹਥ ਛਡ ਕੇ ਕਿਤੇ ਨਾ ਕਿਤੇ ਖੁਰਕ ਕਰਨ ਲਗ ਪੈਂਦਾ ਹੈਂ ਜਿਸ ਵਜ੍ਹਾ ਕਰਕੇ ਉਹ ਕਈ ਵਾਰ ਦਰਵਾਜ਼ਾ ਤੇਰੇ ਪਾਸੋਂ ਲੰਘ ਜਾਂਦਾ ਹੈ ਜੇ ਤੂੰ ਬਾਹਰ ਆਉਣਾ ਚਾਹੁੰਦਾ ਹੈ ਤਾਂ ਇਕ ਮਨ ਹੋ ਕੇ ਉਸ ਦਰਵਾਜ਼ੇ ਦਾ ਖਿਆਲ ਰਖ ਅਤੇ ਇਕ ਬਿਰਤੀ ਨਾਲ ਕੰਧ ਲਾਗੇ ਤੁਰਿਆਂ ੨ ਉਹ ਦਰਵਾਜ਼ਾ ਲਭ ਲੈ ਵੇਖੀਂ ਕਿਤੇ ਹੁਣ ਵੀ ਕਿਤੇ ਖਾਜ ਨਾ ਕਰਨ ਲਗ ਜਾਵੀਂ। ਇਹ ਸੁਣ ਕੇ ਉਸ ਨੇ ਬਹੁਤ ਗਹੁ ਨਾਲ ਉਹ ਹਜ਼ਾਰਾਂ ਮੀਲ ਪੰਧ ਤਹਿ ਕੀਤਾ ਅਤੇ ਦਰਵਾਜ਼ਾ ਆਉਣ ਤੇ ਉਹ ਬਾਹਰ ਆ ਗਿਆ। ਇਹੀ ਹਾਲ ਹੈ ਮਨੁਖਾ ਜਨਮ ਦਾ ਕਰੋੜਾਂ ਸਾਲ ਭਟਕਦੇ ਫਿਰਦੇ ਇਸ ਨੂੰ ਮਨੁਖਾ ਜਨਮ ਮਿਲਦਾ ਹੈ ਪਰ ਫੇਰ ਭੀ ਇਹ ਇਸ ਨੂੰ ਅਜਾਈਂ ਗਵਾ ਦੇਂਦਾ ਹੈ। ਯਾਦ ਰਖੋ ! ਮੌਤ ਤੋਂ ਬਾਅਦ ਫੇਰ ਚੁਰਾਸੀ ਦਾ ਗੇੜ ਤੇਰੇ ਲਈ ਤਿਆਰ ਹੈ। ਅਵੱਸ਼ ਹੀ ਤੈਨੂੰ ਇਸ ਲੰਮੇ ਗੇੜ ਵਿਚੋਂ ਫੇਰ ਲੰਘਣਾ ਪਵੇਗਾ। ਐਨੇ ਨੂੰ ਸਿਰ ਤੇ ਉਹ ਸਮਾਂ ਪਹੁੰਚ ਗਿਆ ਹੈ।

ਸਾਡੇ ਬਜ਼ੁਰਗ ਕਿਧਰ ਗਏ ? ਜਦੋਂ ਮੌਤ ਦਾ ਸੰਦੇਸ਼ ਆ ਜਾਣਾ ਹੈ ਤਾਂ ਉਹ ਘੜੀ ਭੀ ਸਾਨੂੰ ਏਥੇ ਅਟਕਣ ਨਹੀਂ ਦੇਂਦਾ, ਭਾਵੇਂ ਕੋਈ ਗਰੀਬ ਹੋਵੇ ਜਾਂ ਅਮੀਰ, ਭਾਵੇਂ ਬਾਦਸ਼ਾਹ ਹੋਵੇ ਜਾਂ ਕੰਗਲਾ, ਪਰ ਇਹ ਸਾਰਿਆਂ ਲਈ ਇਕੋ ਭਿਆਨਕ ਰੂਪ ਹੋ ਕੇ ਆਉਂਦਾ ਹੈ।

ਮੈਂ ਹੀ ਨਿਰੰਕਾਰ ਹਾਂ, ਤੁਸੀਂ ਮੇਰੇ ਨਜ਼ਦੀਕ ਆਵੋ ਮੈਂ ਤੁਹਾਨੂੰ ਸਚਖੰਡ ਵਿਖਾਲ ਦੇਂਦਾ ਹਾਂ ਅਵਤਾਰ ਸਿੰਘ ਦਿਲੀ ਵਿੱਚ ਹੈ ਉਹ ? ਸਾਨੂੰ ਭੀ ਏਹੋ ਜਹੀਆਂ ਮੌਤਾਂ ਤੋਂ ਉਦਾਹਰਣਾਂ ਮਿਲਣੀਆਂ ਚਾਹੀਦੀਆਂ ਹਨ ਕਿ ਏਥੇ ਕੂੜ ਪਸਾਰੇ ਨਾਲ ਨਹੀਂ ਜਾਣੇ ਅੱਜ ਕਲ ਸਿਖ ਕੌਮ ਵਿਚ ਜੋ ਸਿਆਸਤ ਦੀ ਅਗ ਭੜਕੀ ਹੋਈ ਹੈ ਉਹ ਸਿਆਸੀ ਆਦਮੀਆਂ ਨੂੰ ਸੁਆਹ ਕਰ ਕੇ ਸੁਟ ਦੇਵੇਗੀ ਮੰਦਰਾਂ ਗੁਰ-ਦਵਾਰਿਆਂ ਧਾਰਮਿਕ ਜਲਸੇ ਜਲੂਸਾਂ ਵਿਚ ਜਿਥੇ ਭੀ ਬੈਠ ਜਾਵੋ ਉਥੇ ਭੀ ਲੀਡਰੀਆਂ ਦੇ ਝਗੜੇ ਮੈਨੂੰ ਕੁਰਸੀ ਮਿਲੇ ਮੈਨੂੰ ਚੌਧਰ ਮਿਲੇ, ਕੋਈ ਨਾਮ ਸਿਮਰਨ ਵਲ ਮੂੰਹ ਹੀ ਨਹੀਂ ਕਰਦਾ ਜੇ ਇਸ ਪਾਸੇ ਧਿਆਨ ਦੇਵੇ ਤਾਂ ਇਹ ਲੀਡਰੀਆਂ ਤਾਂ ਮਨੋ ਵਿਸਰ ਹੀ ਜਾਣ। ਇਹਨਾਂ ਜਾਲਾਂ ਤੋਂ ਛੁਟਕਾਰਾ ਸਿਰਫ਼ ਇਕ ਸਿਮਰਨ ਹੀ ਪਾ ਸਕਦਾ ਹੈ ਹੋਰ ਕੋਈ ਇਲਾਜ ਨਹੀਂ ਜੋ ਲੋਕ ਸਿਮਰਨ ਵਿਹੂਣੇ ਹਨ ਉਹਨਾਂ ਨੂੰ ਰਬ ਦੇ ਬਨਾਏ ਹੋਏ ਧਰਤੀ ਦੇ ਇਸ ਸਹਾਰੇ ਤੇ ਜੀਊਣ ਦਾ ਕੋਈ ਹੱਕ ਨਹੀਂ ਤੇ ਉਹ ਸਮਾਜ ਲਈ ਬਦਬੂ ਖਿਲਾਰਣ ਵਾਲੇ ਕੀੜੇ ਹਨ। ਸਿਮਰਨ ਵਿਹੂਣੇ ਆਦਮੀ ਇਨਸਾਫ਼ ਕਰ ਹੀ ਨਹੀਂ ਸਕਦੇ ਉਹਨਾਂ ਦੇ ਤਾਂ ਆਪਣੇ ਹੀ ਮਨਾਂ ਤੇ ਜਵਾਲਾ ਭਟਕਦੀ ਰਹਿੰਦੀ ਹੈ।

ਦੁਲਭ ਦੇਹ ਪਾਈ ਵਡਭਾਗੀ।
ਨਾਮੁ ਨ ਜਪਹਿ ਤੇ ਆਤਮਘਾਤੀ।
ਮਰਿ ਨ ਜਾਹੀ ਜਿਨਾ ਬਿਸਰਤ ਰਾਮ।
ਨਾਮ ਬਿਹੂਨ ਜੀਵਨ ਕਉਨ ਕਾਮ।

ਸਾਨੂੰ ਗੁਰੂ ਸਾਹਿਬ ਦੀ ਲਿਖੀ ਧੁਰ ਕੀ ਬਾਣੀ ਸੁਣ ਕੇ ਉਸ ਤੇ ਅਸਰ ਕਰਨਾ ਚਾਹੀਦਾ ਹੈ ਅਤੇ ਉਸ ਉਤੇ ਚਲ ਕੇ ਗੁਰੂ ਨਾਨਕ ਦੇਵ ਜੀ ਦੇ ਸਿਖ ਬਣਨਾ ਚਾਹੀਦਾ ਹੈ ਨਿਰਾ ਦਿਖਾਵਾ ਹੀ ਨਹੀਂ।

# ਡੇਹਰਾਦੂਨ ਵਿਖੇ ਅਖੰਡ ਕੀਰਤਨ ਸਮਾਗਮ

ਗੁਰਦੁਆਰਾ ਰਾਜਪੁਰ ਡੇਹਰਾਦੂਨ ਵਿਖੇ 14 ਫਰਵਰੀ ਨੂੰ ਸਾਰਾ ਦਿਨ ਮੂਲ ਮੰਤਰ ਦੇ ਪਾਠ ਹੋਏ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਇਆ, ਜਿਸ ਦਾ ਭੋਗ 15 ਫਰਵਰੀ ਸਵੇਰੇ 8 ਵਜੇ ਪਿਆ, ਉਪਰੰਤ 1 ਵਜੇ ਤਕ ਕੀਰਤਨ ਤੇ ਲੈਕਚਰ ਹੋਏ। ਸ੍ਰੀ ਗੁਰੂ ਹਰਕ੍ਰਿਸ਼ਨ ਪ੍ਰਚਾਰਕ ਜਥਾ ਦਿਲੀ ਵਾਲਿਆਂ ਦੇ ਉਦਮ ਨਾਲ ਅੰਮ੍ਰਿਤ ਪਰਚਾਰ ਵੀ ਹੋਇਆ। ਇਸ ਸਮਾਗਮ ਵਿਚ ਅਖੰਡ ਕੀਰਤਨੀ ਜਥਾ ਹਰਦੁਆਰ ਵਾਲਿਆਂ ਨੇ ਬੜੀ ਚੜ੍ਹਦੀ ਕਲਾ ਵਿਚ ਕੀਰਤਨ ਕੀਤਾ; ਜਿਸ ਸਦਕਾ ਸੰਗਤਾਂ ਵਿਚ ਕਾਫੀ ਉਤਸ਼ਾਹ ਪੈਦਾ ਹੋਇਆ। ਕੀਰਤਨੀ ਜਥਾ ਹਰਦੁਆਰ ਵਾਲੇ ਅਗੇ ਵੀ ਕਈ ਰੈਣ ਸਬਾਈਆਂ ਕਰ ਚੁਕੇ ਹਨ, ਜਿਸ ਵਿਚ ਪੂਰਨ ਜੀ, ਭੂਪੀ ਤੇ ਪ੍ਰਿੰਸੀਪਲ ਮੋਹਰ ਸਿੰਘ ਜੀ ਨੇ ਵਿਸ਼ੇਸ ਹਿਸਾ ਪਾਇਆ। ਅਸੀਂ ਸੰਗਤ ਡੇਹਰਾਦੂਨ ਇਹਨਾਂ ਦੇ ਬਹੁਤ ਹੀ ਧੰਨਵਾਦੀ ਹਾਂ।

ਦਾਸਰੇ—ਸੰਗਤ ਡੇਹਰਾਦੂਨ



www.AKJ.Org

# ਕਰਨਲ ਪਿਆਰਾ ਸਿੰਘ ਜੀ

(ਵਲੋਂ—ਭਾਈ ਸੁਰਜਨ ਸਿੰਘ ਜੀ ਗੁਜਰਵਾਲ)

ਕਰਨਲ ਪਿਆਰਾ ਸਿੰਘ ਜੀ ਨੂੰ ਚੜ੍ਹਾਈ ਕਰਿਆਂ ਨੂੰ ਕਾਫ਼ੀ ਅਰਸਾ ਹੋ ਗਿਆ ਹੈ। ਆਪ ਜੀ ਸਿਆਲਕੋਟ ਦੇ ਰਹਿਣ ਵਾਲ਼ੇ ਸਨ। ਕਿਸੇ ਫੌਜ ਵਿਚ ਆਪ ਜੀ ਪਹਿਲਾਂ ਪਹਿਲ ਜਮਾਂਦਾਰ ਲਗੇ ਜਮਾਂਦਾਰੀ ਕਰਦੇ ਕਰਦੇ ਆਪ ਜੀ ਪਿਨਸ਼ਨ ਆ ਗਏ ਸਨ। ਮੈਨੂੰ ਇਹਨਾਂ ਦੇ ਦਰਸ਼ਨ ਸੰਨ ੧੯੧੨ ਵਿਚ ਨਾਰੰਗਵਾਲ ਹੋਏ ਸਨ ਜਦੋਂ ਕਿ ਫੌਜ ਵਿਚੋਂ ਆਪ ਛੁਟੀਆਂ ਆਉਂਦੇ ਸਨ ਤਾਂ ਪਹਿਲਾਂ ਨਾਰੰਗਵਾਲ ਆ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਕਰਦੇ ਹੁੰਦੇ ਸਨ। ਜਿਸ ਦਿਨ ਮੈਨੂੰ ਪਹਿਲੇ ਪਹਿਲ ਮਿਲੇ ਸਨ ਉਸ ਦਿਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਪਿੰਡ ਠਲੇਵਾਲ ਨੂੰ ਜਾਣ ਦੀਆਂ ਤਿਆਰੀਆਂ ਕਰਦੇ ਸਨ। ਠਲੇਵਾਲ ਇਕ ਗੁਰਮੁਖ ਪਿਆਰੇ ਭਾਈ ਸਾਹਿਬ ਸਰਵਣ ਸਿੰਘ ਜੀ ਨੰਬਰਦਾਰ ਸਨ। ਇਹ ਪਹਿਲਾਂ ਬਹੁਤ ਰੱਬੀ ਰੰਗਾਂ ਵਿਚ ਸਨ ਜਿਸ ਬਾਰੇ ਭਾਈ ਸਾਹਿਬ ਜੀ ਨੇ ਪਹਿਲਾਂ ਜੇਲ੍ਹ ਚਿਠੀਆਂ ਤੇ ਰੰਗਲੇ ਸਜਣ ਪੁਸਤਕਾਂ ਵਿਚ ਜ਼ਿਕਰ ਕੀਤਾ ਹੋਇਆ ਹੈ। ਭਾਈ ਸਰਵਣ ਸਿੰਘ ਜੀ ਦਾ ਮਿਲਾਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮਾਸਟਰ ਨਿਰੰਜਨ ਸਿੰਘ ਨੇ ਕਰਵਾਇਆ ਸੀ। ਮਾਸਟਰ ਨਿਰੰਜਨ ਸਿੰਘ ਜੀ ਨਾਰੰਗਵਾਲ ਦੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਬਹੁਤ ਪ੍ਰੇਮ ਸੀ। ਪਹਿਲਾਂ ਪਹਿਲ ਭਾਈ ਸਾਹਿਬ ਜੀ ਨਾਲ ਢੋਲਕੀ ਵਜਾਇਆ ਕਰਦੇ ਸਨ। ਮਾਸਟਰ ਨਿਰੰਜਨ ਸਿੰਘ ਜੀ ਠਲੇਵਾਲ ਨੂੰ ਪਰੈਮਰੀ ਸਕੂਲ ਵਿਚ ਪੜ੍ਹਾਇਆ ਕਰਦੇ ਸਨ। ਜਿਸ ਦਿਨ ਠਲੇਵਾਲ ਨੂੰ ਗਏ ਸਨ, ਦਾਸ ਤੇ ਭਾਈ ਸਾਹਿਬ ਤੇ ਕਰਨਲ ਪਿਆਰਾ ਸਿੰਘ ਜੀ ਭੀ ਨਾਲ ਸਨ ਤੇ ਮਾਸਟਰ ਨਿਰੰਜਨ ਸਿੰਘ ਜੀ ਭੀ ਨਾਲ ਹੀ ਸਨ। ਜਦੋਂ ਅਸੀਂ ਠਲੇਵਾਲ ਪਹੁੰਚੇ ਤਾਂ ਸਾਨੂੰ ਅਗੋਂ ਭਾਈ ਸਰਵਨ ਸਿੰਘ ਜੀ ਮਿਲ ਪਏ ਆਪਣੀ ਕੁਟੀਆ ਵਿਚ ਲੈ ਗਏ ਉਥੇ ਜਾ ਕੇ ਕੀਰਤਨ ਅਰੰਭ ਹੋ ਗਿਆ। ਤਕਰੀਬਨ ਸਾਰਾ ਦਿਨ ਹੀ ਕੀਰਤਨ ਹੋਈ ਗਿਆ। ਦਾਸ ਅਜੇ ਇਨ੍ਹਾਂ ਗੁਰਮੁਖ ਪਿਆਰਿਆਂ ਦਾ ਜਾਣੂ ਨਹੀਂ ਸੀ ਮੈਂ ਤਾਂ ਬੈਠਾ ਬੈਠਾ ਥੱਕ ਗਿਆ, ਪਰ ਇਹ ਕੀਰਤਨ ਕਰਦੇ ਨਹੀਂ ਥਕੇ ਸਨ ਅਗੋਂ ਰਾਤ ਪੈ ਗਈ ਨਾ ਹੀ ਕਿਸੇ ਜਲ ਛਕਿਆ ਹੈ ਤੇ ਨਾ ਹੀ ਪ੍ਰਸ਼ਾਦਾ। ਮੈਂ ਅਜੇ ਨਵਾਂ ਨਮੂਨਾ ਸੀ। ਮੈਨੂੰ ਕੀ ਪਤਾ ਸੀ ਕਿ ਇਨ੍ਹਾਂ ਦਾ ਕੀਰਤਨ ਹੀ ਭੋਜਨ ਹੈ। ਮੇਰੇ ਵਿਚ ਏਨੀ ਬੈਠਣ ਦੀ ਹਿੰਮਤ ਨਹੀਂ ਸੀ ਪਰ ਮੈਂ ਇਹਨਾਂ ਦੇ ਦਰਸ਼ਨ ਕਰੀ ਜਾਵਾਂ। ਇਹ ਸਜਨ ਹਾਲੋਂ ਬੇਹਾਲ ਹੋਏ ਹੋਏ ਸਨ। ਇਹਨਾਂ ਨੂੰ ਸੰਸਾਰ ਦੀ ਕੋਈ ਸੋਝੀ ਨਹੀਂ ਸੀ। ਆਪਣੇ ਰੰਗ ਵਿਚ ਕੀਰਤਨ ਦੀ ਧੁਨੀ ਵਧਦੀ ਹੀ ਜਾਵੇ ਹਟਨ ਦਾ ਕੋਈ ਨਾਮ ਤਕ ਨਾ ਲਵੇ। ਮੈਂ ਭੀ ਫਸਿਆ ਫਸਾਇਆ ਬੈਠਾ ਹੀ ਰਿਹਾ। ਕੋਈ ਰਾਤ ਦੇ ਦੋ ਕੁ ਵਜੇ ਕੀਰਤਨ ਤੋਂ ਹਟੇ ਹੋਣਗੇ ਫੇਰ ਇਸ਼ਨਾਨ ਕਰਕੇ ਸਿਮਰਣ ਨੂੰ ਜੁਟ ਗਏ। ਦਿਨੇ ਭਾਈ ਸਰਵਨ ਸਿੰਘ ਦੀ ਸਿੰਘਣੀ ਕਿਸ਼ਨ ਕੌਰ ਪਰਸ਼ਾਦੇ ਲਿਆਈ ਫੇਰ ਸਾਰੇ ਪਰਸ਼ਾਦੇ ਛੱਕਕੇ ਨਾਰੰਗਵਾਲ ਨੂੰ ਨਾਲ ਹੀ



www.AKJ.Org

ਭਾਈ ਸਰਵਣ ਸਿੰਘ ਜੀ ਭੀ ਤੁਰ ਪਏ । ਏਥੇ ਆਕੇ ਫੇਰ ਕਿਸੇ ਦੇ ਘਰ ਅਖੰਡ ਪਾਠ ਅਰੰਭ ਕਰਨਾ ਸੀ ਉਥੇ ਪਹੁੰਚ ਗਏ । ਮੇਰੀ ਨਿਗ੍ਹਾ ਕਰਨਲ ਪਿਆਰਾ ਸਿੰਘ ਜੀ ਤੇ ਪੈ ਗਈ । ਇਸ ਸਜਨ ਨੇ ਤਾਂ ਅਪਣੇ ਕੇਸ ਖੋਲ੍ਹੇ ਹੋਏ ਹਨ ਕੇਸਾਂ ਨਾਲ ਸੰਗਤਾਂ ਦੇ ਜੋੜੇ ਸਾਫ ਕਰ ਰਹੇ ਹਨ । ਮੈਨੂੰ ਇਨ੍ਹਾਂ ਨੇ ਨਹੀਂ ਵੇਖਿਆ ਸਾਰੇ ਜੋੜੇ ਸਾਫ ਕਰਕੇ ਫਿਰ ਕੀਰਤਨ ਵਿਚ ਆ ਬੈਠੇ ।

ਦੂਜੇ ਦਿਨ ਕੀ ਵੇਖਦਾ ਹਾਂ ਕਰਨਲ ਸਾਹਿਬ ਜੀ ਸੰਗਤ ਦਾ ਇਸ਼ਨਾਨ ਕਰਵਾ ਰਹੇ ਹਨ । ਕੁਝ ਦਿਨਾਂ ਤੋਂ ਬਾਅਦ ਕੁਝ ਸਿੰਘ ਦੂਰੋਂ ਆਏ ਸਨ । ਕਰਨਲ ਸਾਹਿਬ ਜੀ ਨੇ ਉਹਨਾਂ ਸਿੰਘਾਂ ਦੇ ਗਰਮ ਪਾਣੀ ਨਾਲ ਚਰਣ ਧੋਤੇ ਕੁਛ ਜਲ ਜਿਸ ਨਾਲ ਸਿੰਘਾਂ ਦੇ ਚਰਨ ਧੋਤੇ ਸਨ ਛਕ ਗਏ । ਕੁਝ ਦਿਨਾਂ ਤੋਂ ਬਾਅਦ ਕਰਨਲ ਪਿਆਰਾ ਸਿੰਘ ਜੀ ਸਿਆਲਕੋਟ ਨੂੰ ਚਲੇ ਗਏ ।

ਜਦੋਂ ਕਰਨਲ ਸਾਹਿਬ ਜੀ ਜਮਾਂਦਾਰੀ ਪੈਨਸ਼ਨ ਆਏ ਸਨ ਤਾਂ ਇਨ੍ਹਾਂ ਨੂੰ ੨੦ ਰੁਪਏ ਪੈਨਸ਼ਨ ਹੋਈ ਸੀ । ਇਸ ਨਾਲ ਇਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ ਸੀ । ਇਨ੍ਹਾਂ ਦੇ ਦੋ ਲੜਕੇ ਤੇ ਦੋ ਲੜਕੀਆਂ ਸਨ । ਫੇਰ ਇਨ੍ਹਾਂ ਨੇ ਨਨਕਾਣੇ ਸਾਹਿਬ ਮੈਨੇਜਰੀ ਦੀ ਨੌਕਰੀ ਕਰ ਲਈ । ਇਨ੍ਹਾਂ ਦਾ ਰੋਜ਼ ਦਾ ਨਿਤਨੇਮ ਇਹ ਸੀ ਪਹਿਲਾਂ ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕਰਨਾ । ਫੇਰ ਦਰਬਾਰ ਸਾਹਿਬ ਪਹੁੰਚ ਕੇ ਝਾੜੂ ਦੇਣਾ । ਇਨ੍ਹਾਂ ਦੇ ਮਾਤਹਿਤ ਜੇਹੜੇ ਸੇਵਾਦਾਰ ਜਾਂ ਕਲਰਕ ਸਨ ਇਨ੍ਹਾਂ ਤੋਂ ਤੰਗ ਆ ਗਏ । ਕਹਿਣ ਲਗੇ ਇਹ ਚੰਗਾ ਮੈਨੇਜਰ ਆਇਆ ਹੈ । ਨਾਲੇ ਤਾਂ ਸਾਨੂੰ ਏਸ ਨਾਲ ਗੁਰਦਵਾਰੇ ਜਾ ਕੇ ਝਾੜੂ ਦੇਣਾ ਪੈਂਦਾ ਹੈ ਨਾਹੀ ਸਾਨੂੰ ਗੁਰਦਵਾਰੇ ਦੀ ਜ਼ਮੀਨ ਵਿਚੋਂ ਸਬਜ਼ੀ ਲੈਣ ਦੇਂਦਾ ਹੈ । ਸੇਵਾਦਾਰਾਂ ਨੇ ਕਰਨਲ ਸਾਹਿਬ ਜੀ ਦੇ ਖਿਲਾਫ ਸ਼੍ਰੋਮਣੀ ਕਮੇਟੀ ਨੂੰ ਲਿਖ ਕੇ ਭੇਜਿਆ । ਅੰਮ੍ਰਿਤਸਰ ਤੋਂ ਕੁਝ ਆਦਮੀ ਦਫਤਰ ਦੀ ਪੜਤਾਲ ਕਰਨ ਆਏ । ਜਦੋਂ ਹਿਸਾਬ ਕਿਤਾਬ ਦੀ ਪੜਤਾਲ ਕੀਤੀ ਤਾਂ ਹਿਸਾਬ ਕਿਤਾਬ ਬਹੁਤ ਠੀਕ ਸੀ। ਪੜਤਾਲੀਆ ਕਮੇਟੀ ਕਹਿਣ ਲਗੀ, ਇਸ ਦਾ ਹਿਸਾਬ ਕਿਤਾਬ ਤਾਂ ਬਹੁਤ ਠੀਕ ਹੈ । ਤੁਹਾਨੂੰ ਕੀ ਦੁਖ ਹੈ । ਇਹ ਬਹੁਤ ਅਛਾ ਪੁਰਸ਼ ਹੈ । ਕਰਨਲ ਸਾਹਿਬ ਜੀ ਕਹਿਣ ਲਗੇ ਇਨ੍ਹਾਂ ਨੂੰ ਤਾਂ ਇਹ ਦੁਖ ਹੈ ਕਿ ਮੈਂ ਗੁਰਦਵਾਰੇ ਦੀ ਜ਼ਮੀਨ ਵਿਚੋਂ ਕੋਈ ਚੀਜ਼ ਵੀ ਅੰਗੀਕਾਰ ਨਹੀਂ ਕਰਦਾ ਨਾ ਹੀ ਕਿਸੇ ਨੂੰ ਕੋਈ ਚੀਜ਼ ਲੈਨ ਦੇਂਦਾ ਹਾਂ । ਆਖਰ ਕਰਨਲ ਸਾਹਿਬ ਜੀ ਨੇ ਇਸ ਨੌਕਰੀ ਤੋਂ ਅਸਤੀਫਾ ਦੇ ਦਿਤਾ ਕੁਝ ਅਰਸੇ ਤੋਂ ਬਾਅਦ ਆਪ ਜੀ ਬਨਾਰਸ ਜਾਂ ਸਕੰਦਰਾਬਾਦ ਗਏ ਉਥੇ ਇਨ੍ਹਾਂ ਦਾ ਇਕ ਅੰਗਰੇਜ਼ ਦੋਸਤ ਸੀ । ਏਨ੍ਹਾਂ ਆਪਣੀ ਤੰਗੀ ਦਾ ਸਾਰਾ ਹਾਲ ਉਸ ਅੰਗਰੇਜ਼ ਨੂੰ ਦਸਿਆ । ਉਸ ਅੰਗਰੇਜ਼ ਨੇ ਕਿਸੇ ਨੂੰ ਕਹਿ ਕਹਾ ਕੇ ਇਨ੍ਹਾਂ ਨੂੰ ਡੇਢ ਮੁਰਬਾ ਜ਼ਮੀਨ ਦਵਾ ਦਿਤੀ ਦੂਜਾ ਕੰਮ ਇਹ ਕੀਤਾ ਜੈਪੁਰ ਵਾਲੇ ਰਾਜੇ ਨੂੰ ਇਕ ਚਿਠੀ ਲਿਖੀ ਮੇਰਾ ਇਕ ਦੋਸਤ ਸਰਦਾਰ ਪਿਆਰਾ ਸਿੰਘ ਜੀ ਹਨ ਏਨ੍ਹਾਂ ਨੂੰ ਲੈਫਟੀਨੈਂਟ ਦੀ ਨੌਕਰੀ ਤੇ ਫੌਜ ਵਿਚ ਰਖ ਲਵੋ । ਫੇਰ ਕਰਨਲ ਸਾਹਿਬ ਜੀ ਜੈਪੁਰ ਚਲੇ ਗਏ । ਆਪ ਜੀ ਹੌਲੀ ਹੌਲੀ ਲੈਫਟੀਨੈਂਟ ਕਰਨਲ ਬਣ ਗਏ । ਪਹਿਲਾਂ ਤੋਂ ਹੀ ਆਪ ਜੀ ਨੂੰ ਸਿਖੀ ਪ੍ਰਚਾਰ ਦਾ ਬਹੁਤ ਸ਼ੌਕ ਸੀ ।

ਜੇਹੜਾ ਵੀ ਕੋਈ ਪੁਰਸ਼ ਆਪ ਜੀ ਨੂੰ ਮਿਲਦਾ ਉਸਨੂੰ ਇਹੋ ਕਹਿਣਾ ਤੁਸੀਂ ਅੰਮ੍ਰਿਤ ਪਾਨ ਕਰ ਲਵੋ ਮਨੁਖੀ ਜਨਮ ਤਦੇ ਸਫ਼ਲਾ ਹੋਵੇਗਾ । ਜਦੋਂ ਆਪ ਪਹਿਲੇ ਪਹਿਲ ਕਿਸੇ ਫੌਜ ਵਿਚ ਸੀ ਤਾਂ ਆਪ ਜੀ ਨਾਲ ਬਾਬੂ ਮੱਲ ਸਿੰਘ ਜੀ ਦਾ ਮੇਲ ਹੋ ਗਿਆ, ਇਹਨਾਂ ਨੇ ਆਪਣੀ ਨੇਕ ਕਮਾਈ ਦਾ ਐਸਾ ਅਸਰ ਪਾਇਆ ਬਾਬੂ ਮੱਲ ਸਿੰਘ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ । ਬਾਬੂ ਮੱਲ ਸਿੰਘ ਜੀ ਨੇ ਦਾਸ ਨੂੰ ਇਕ ਦਫ਼ਾ ਖੁਦ ਕਿਹਾ ਸੀ ਮੇਰੇ ਤੇ ਜੇਹੜੀ ਕ੍ਰਿਪਾ ਹੋਈ ਮੈਂ ਗੁਰਸਿਖੀ ਵਲ ਆਇਆ ਹਾਂ, ਇਹ ਸਰਦਾਰ ਪਿਆਰਾ ਸਿੰਘ ਜੀ ਦਾ ਉਦਮ ਹੈ ।

ਇਕ ਦਫਾ ਕਰਨਲ ਪਿਆਰਾ ਸਿੰਘ ਜੀ ਨੇ ਮੈਨੂੰ ਇਕ ਖ਼ਤ ਮੇਲੋਵਾਲ ਤੋਂ ਪਾਇਆ । ਇਥੇ ਕਰਨਲ ਸਾਹਿਬ ਜੀ ਦੇ ਸੌਹਰੇ ਸੀ ਓਦੋਂ ਆਪ ਜੀ


www.AKJ.Org

ਅਜੇ ਕਰਨਲ ਨਹੀਂ ਸਨ, ਜਮਾਂਦਾਰੀ ਪਿਨਸ਼ਨ ਤੇ ਸਨ। ਮੈਂ ਪਿੰਡ ਗੁਜਰਵਾਲ ਤੋਂ ਸਿਆਲਕੋਟ ਪਹੁੰਚ ਗਿਆ, ਸਿਆਲਕੋਟ ਤੋਂ ਮੇਲੋਵਾਲ ਚਲਾ ਗਿਆ। ਮੈਨੂੰ ਦੇਖਕੇ ਬਹੁਤ ਖੁਸ਼ ਹੋਏ ਤੇ ਕਹਿਣ ਲਗੇ, ਮੇਰੇ ਪਾਸ ਆਤਸ਼ਬਾਜ਼ੀ ਦੇ ਗੋਲੇ ਪਏ ਹਨ ਮੇਰਾ ਜੀ ਕਰਦਾ ਹੈ ਆਪ ਜੀ ਦੀ ਆਉਣ ਦੀ ਖੁਸ਼ੀ ਵਿਚ ਮੈਂ ਗੋਲੇ ਚਲਾ ਦਿਆਂ। ਮੈਂ ਕਿਹਾ ਇਹ ਨਹੀਂ ਕਰਨਾ ਜੇ ਤੁਸੀਂ ਇਹ ਕੰਮ ਕੀਤਾ ਮੈਂ ਹੁਣੇ ਹੀ ਮੁੜ ਜਾਵਾਂਗਾ। ਮੇਰੇ ਕਹਿਣ ਤੇ ਮਸਾਂ ਮਸਾਂ ਹਟੇ। ਇਹਨਾਂ ਦਾ ਹਰ ਰੋਜ਼ ਦਾ ਨਿਤਨੇਮ ਇਸ ਤਰ੍ਹਾਂ ਦਾ ਸੀ:—ਸਵੇਰੇ ਦੋ ਜਾਂ ਢਾਈ ਵਜੇ ਉਠ ਕੇ ਇਸ਼ਨਾਨ ਸੋਧ ਕੇ ਸਮਾਧੀ ਵਿਚ ਬੈਠ ਜਾਣਾ ਫੇਰ ਇਕ-ਤਾਰੀਏ ਨਾਲ ਕੀਰਤਨ ਕਰਨਾ ਉਸ ਤੋਂ ਬਾਅਦ ਜਿਨ੍ਹਾਂ ਜਿਨ੍ਹਾਂ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸਨ ਸਾਰੇ ਘਰੀਂ ਪਹੁੰਚ ਕੇ ਮੱਥਾ ਟੇਕਣਾ। ਸ਼ਾਮ ਨੂੰ ਫਿਰ ਕੀਰਤਨ ਕਰ ਕੇ ਰਹਿਰਾਸ ਸਾਹਿਬ ਜੀ ਦਾ ਪਾਠ ਫਿਰ ਰਾਤ ਨੂੰ ਇਤਿਹਾਸ ਪੜ੍ਹਨਾ। ਕੋਈ ਸਮਾਂ ਐਵੇਂ ਨਹੀਂ ਸ਼ਨ ਜਾਣ ਦੇਂਦੇ ਹਰ ਵਕਤ ਆਪਣੀ ਸੁਰਤ ਨੂੰ ਰੱਬੀ ਰੰਗ 'ਚ ਲਾਈ ਰਖਦੇ ਸੀ। ਮੈਂ ਇਕ ਮਹੀਨਾ ਰਹਿਕੇ ਇਹਨਾਂ ਪਾਸੋਂ ਵਿਦਾਇਗੀ ਲੈ ਕੇ ਆਪਣੇ ਪਿੰਡ ਗੁਜਰਵਾਲ ਆ ਗਿਆ। ਇਕ ਵਾਰੀ ਆਪ ਜੀ ਕਸ਼ਮੀਰ ਦੀ ਸੈਰ ਨੂੰ ਗਏ ਆਉਂਦੇ ਹੋਏ 500 ਰੁਪਏ ਦਾ ਗਰਮ ਕਪੜਾ ਲੈ ਆਏ, ਇਹ ਸੋਚਕੇ ਕਿ ਇਸ ਕਪੜੇ ਨੂੰ ਵੇਚਕੇ ਆਪਣਾ ਕਰਾਇਆ ਕੱਢ ਲਵਾਂਗੇ, ਪਰ ਪਰੇਮ ਵਿਚ ਆ ਕੇ ਸਾਰਾ ਕਪੜਾ ਸਿੰਘਾਂ ਨੂੰ ਵੰਡ ਦਿਤਾ। ਇਕ ਕੁੜਤਾ ਪਜਾਮਾ ਮੈਨੂੰ ਵੀ ਉਹਨਾਂ ਦਿਤਾ। ਜਿਨ੍ਹਾਂ ਦਿਨਾਂ ਵਿਚ ਆਪ ਜੀ ਜੈਪੁਰ ਵਿਚ ਗਏ ਸਨ ਬਹੁਤ ਪੁਰਸ਼ਾਂ ਨੂੰ ਆਪ ਜੀ ਨੇ ਸਚੇ ਪਾਤਸ਼ਾਹ ਦੇ ਚਰਨੀਂ ਲਾਇਆ। ਆਪ ਜੀ ਦੇ ਰਸੂਖ ਨਾਲ ਵਡੇ ਵਡੇ ਅਫ਼ਸਰ ਰੱਬੀ ਮਾਰਗ ਵਲ ਲਗ ਪਏ। ਇਥੇ ਵਜ਼ੀਰ ਨੂੰ ਆਪ ਜੀ ਨੇ ਗੁਰਬਾਣੀ ਦਾ ਪਾਠ ਕਰਨ ਲਾ ਦਿਤਾ।

ਆਪ ਜੀ ਨੇ ਆਪਣੇ ਖ਼ਰਚ ਤੇ ਬਹੁਤ ਸਾਰੇ ਗੁਟਕੇ ਹਿੰਦੀ ਵਿਚ ਛਪਵਾ ਕੇ ਵੰਡੇ ਸਨ। ਏਥੇ ਜੈਪੁਰ ਵਿਚ ਬਾਹਰ ਜੰਗਲ ਵਿਚ ਇਕ ਔਧੂ ਫ਼ਕੀਰ ਰਹਿੰਦਾ ਸੀ, ਉਸ ਨਾਲ ਭੀ ਇਹਨਾਂ ਦਾ ਮੇਲ ਹੋ ਗਿਆ, ਉਸਨੂੰ ਪ੍ਰੇਰ ਕੇ ਗੁਰਬਾਣੀ ਪੜ੍ਹਨ ਲਾ ਦਿਤਾ। ਇਸ ਫ਼ਕੀਰ ਨੇ ਮੰਗ ਕੀਤੀ। ਮੈਨੂੰ ਤੁਸੀਂ ਇਕ ਗੁਟਕਾ ਸੁਖਮਨੀ ਸਾਹਿਬ ਜੀ ਦਾ ਹਿੰਦੀ ਵਿਚ ਮੰਗਵਾ ਕੇ ਦੇਵੋ। ਕਰਨਲ ਸਾਹਿਬ ਜੀ ਨੇ ਗੁਟਕਾ ਮੰਗਵਾ ਕੇ ਔਧੂ ਫ਼ਕੀਰ ਨੂੰ ਆਪਣੇ ਘਰ ਸਦਿਆ। ਫਿਰ ਪੰਜ ਸਿੰਘਾਂ ਨੂੰ ਨਾਲ ਲੈ ਕੇ, ਔਧੂ ਫ਼ਕੀਰ ਵੀ ਨਾਲ ਸਨ, ਗੁਟਕਾ ਸਾਹਿਬ ਜੀ ਨੂੰ ਛੋਟੀ ਮੰਜੀ ਸਾਹਿਬ ਤੇ ਸਜਾ ਕੇ ਔਧੂ ਦੀ ਕੁਟੀਆ ਨੂੰ ਤੁਰ ਪਏ, ਮੁਖੋਂ ਗੁਰਮੰਤਰ ਦਾ ਜਾਪ ਕਰੀ ਜਾਣ। ਮੁੜਨ ਲਗਿਆਂ ਔਧੂ ਨੂੰ ਕਿਹਾ ਇਸ ਗੁਰਬਾਣੀ ਦੀ ਜਿੰਨੀ ਤੁਸੀਂ ਇਜ਼ਤ ਕਰੋਗੇ ਤੁਹਾਡਾ ਉਤਨਾ ਹੀ ਛੇਤੀ ਪ੍ਰਮਾਤਮਾ ਨਾਲ ਮੇਲ ਹੋਵੇਗਾ। ਕਰਨਲ ਸਾਹਿਬ ਕਹਿੰਦੇ ਹੁੰਦੇ ਸੀ ਕਿ ਪਾਠ ਕਰਨਾ ਭੀ ਜ਼ਰੂਰੀ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਤਕਾਰ ਕਰੋ, ਗੁਰੂ ਸਾਹਿਬ ਜੀ ਦਾ ਸਰੂਪ ਸਮਝ ਕੇ ਇਜ਼ਤ ਕਰੋਗੇ ਉਤਨੀ ਹੀ ਸਿਖੀ ਪ੍ਰਾਪਤ ਹੋਵੇਗੀ।

ਮੈਂ ਇਕ ਵਾਰੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨਾਲ ਲਖਨਊ ਗਿਆ ਓਥੇ ਇਕ ਸਮਾਗਮ ਕਰਨਾ ਸੀ, ਉਸਦਾ ਪ੍ਰਬੰਧ ਕਰਨਲ ਸਾਹਿਬ ਦੇ ਜ਼ੁਮੇਂ ਸੀ। ਮੈਂ ਦੂਜੇ ਦਿਨ ਕਰਨਲ ਸਾਹਿਬ ਦੇ ਨਿਵਾਸ ਅਸਥਾਨ ਤੇ ਗਿਆ ਤਾਂ ਕੀ ਵੇਖਦਾ ਹਾਂ ਕਿ ਇਕ ਅੰਗਰੇਜ਼ ਨੇ ਸਿਖੀ ਲਿਬਾਸ ਪਹਿਨਿਆ ਹੋਇਆ ਸੀ, ਮੇਰੇ ਪੁਛਣ ਤੇ ਪਤਾ ਲਗਾ ਇਸ ਅੰਗਰੇਜ਼ ਨੂੰ ਕਰਨਲ ਸਾਹਿਬ ਨੇ ਇਕ ਸਾਲ ਆਪਣੇ ਘਰ ਰਖਕੇ ਪਰਸ਼ਾਦੇ ਆਦਿ ਦੀ ਸੇਵਾ ਕਰਕੇ ਇਸਨੂੰ ਸਿੰਘ ਸਜਾ ਦਿਤਾ।

ਕਈ ਵਾਰੀ ਆਪ ਜੀ ਪਹਾੜ ਜਾ ਕੇ ਭਾਈ ਸਾਹਿਬ ਜੀ ਨੂੰ ਮਿਲਦੇ ਸਨ। ਕੁਮਾਰ ਹੱਟੀ ਦੇ ਗੁਰਦਵਾਰੇ ਆਪ ਜੀ ਨੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ। ਤਕਰੀਬਨ 700 ਜਾਂ 800 ਰੁਪਏ ਖਰਚ ਆਇਆ ਹੋਵੇਗਾ। ਆਪ ਜੀ ਬੜੇ ਦਾਨੀ ਪਰਉਪਕਾਰੀ ਸਿਮਰਨ ਵਿਚ ਪ੍ਰਪੱਕ ਰਹਿੰਦੇ ਸਨ।

(ਨੋਟ—ਪਾਠਕ ਜੀ, ਪੰਨਾ ੩੦ ਉਤੇ ਗ਼ਲਤੀ ਨਾਲ ਪਿੰਡ ਫਲੇਵਾਲ ਦੀ ਥਾਂ ਠਲੇਵਾਲ ਛਪ ਗਿਆ ਹੈ, ਸੋਧ ਕਰ ਲਈ ਜਾਵੇ ਅਤੇ ਫਲੇਵਾਲ ਪੜ੍ਹਿਆ ਜਾਵੇ)



www.AKJ.Org

# ਸਿੱਖ ਇਤਿਹਾਸ ਦੀ ਫ਼ਰਦ

[ ਕਿਸ਼ਤ ਨੰ: 2 ]

(ਵਲੋਂ:–ਗਿ: ਜਸਮੇਰ ਸਿੰਘ ਜੀ ਪਾਲ, ਚੰਡੀਗੜ੍ਹ)

੩ ਮਾਰਚ ੧੭੬੨ ਈ. ਵਿਚ ਅਹਿਮਦਸ਼ਾਹ ਦੁਰਾਨੀ ਨੇ ਹਰਮੰਦਰ ਸਾਹਿਬ ਦੀ ਬੇਅਦਬੀ ਕੀਤੀ। ਹਰਮੰਦਰ ਨੂੰ ਬਰੂਦ ਨਾਲ ਉਡਾ ਦਿਤਾ। ਇਕ ਇਟ ਤਿੜਕ ਕੇ ਅਬਦਾਲੀ ਦੇ ਨੱਕ ਉਤੇ ਵੱਜੀ। ਸਾਰੀ ਉਮਰ ਭਰ ਉਸਦੇ ਨਸੂਰ ਵਗਦਾ ਰਿਹਾ। ੧੭ ਅਕਤੂਬਰ ੧੭੬੨ ਈ. ਨੂੰ ੬੦ ਹਜ਼ਾਰ ਸਿੰਘਾਂ ਦਾ ਇਕੱਠ ਸ੍ਰੀ ਅੰਮ੍ਰਿਤਸਰ ਹੋਇਆ ਤਾਂ ਜੁ ਹਰਮੰਦਰ ਸਾਹਿਬ ਦੀ ਘੋਰ ਬੇਅਦਬੀ ਦਾ ਬਦਲਾ ਅਹਿਮਦ-ਸ਼ਾਹ ਤੋਂ ਲਿਆ ਜਾਵੇ। ਅਹਿਮਦਸ਼ਾਹ ਅੰਮ੍ਰਿਤਸਰ ਪੁਜ ਗਿਆ ਸੀ। ਸਿੰਘਾਂ ਤੇ ਅਹਿਮਦਸ਼ਾਹ ਵਿਚਕਾਰ ਜੰਮ ਕੇ ਲੜਾਈ ਹੋਈ। ਆਖ਼ਰ ਅਹਿਮਦਸ਼ਾਹ ਨੂੰ ਸਿੱਖਾਂ ਕੋਲੋਂ ਹਨੇਰੇ ਵਿਚ ਜਾਨ ਬਚਾ ਕੇ ਭਜਣਾ ਪਿਆ। ੧੭੬੪ ਈ. 'ਚ ਅਹਿਮਦਸ਼ਾਹ ਨੇ ਸੱਤਵਾਂ ਹੱਲਾ ਕੀਤਾ। ਸਿਖ ਇਸ ਸਮੇਂ ਜੰਗਲਾਂ ਵਲ ਜਾ ਚੁਕੇ ਸਨ। ਅਠਵੇਂ ਹੱਲੇ ਵਿਚ ਉਹ ਸਿੰਘਾਂ ਦਾ ਕੁਝ ਨਾ ਵਿਗਾੜ ਸਕਿਆ।

## ਬਾਰਾਂ ਮਿਸਲਾਂ ਦੇ ਨਾਮ

(ਸਿਖ ਰਾਜ ਦੀਆਂ ਪ੍ਰਸਿਧ ਤਰੀਕਾਂ)

ਫੈਜ਼ਲਪੁਰੀਆਂ ਦੀ ਮਿਸਲ, ਆਹਲੂਵਾਲੀਆਂ ਦੀ ਮਿਸਲ, ਸ਼ੁਕ੍ਰਚਕੀਆਂ ਦੀ ਮਿਸਲ, ਕਰੋੜਸਿੰਘੀਆਂ ਦੀ ਮਿਸਲ, ਕਨਈਆਂ ਦੀ ਮਿਸਲ, ਡਲੇਵਾਲੀਆ ਮਿਸਲ, ਰਾਮਗੜੀਆ ਮਿਸਲ, ਫੂਲਕੀਆਂ ਮਿਸਲ (ਜਿਨ੍ਹਾਂ 'ਚੋਂ ਪੈਪਸੂ ਦੇ ਰਾਜੇ ਹੋਏ) ਨਕਈਆ ਮਿਸਲ, ਸ਼ਹੀਦਾਂ ਦੀ ਮਿਸਲ, ਭੰਗੀਆਂ ਦੀ ਮਿਸਲ, ਨਕਈਆਂ ਦੀ ਮਿਸਲ।

ਮਿਸਲ ਦੇ ਅਰਥ ਹਨ—ਇਕੋ ਜਿਹਾ, ਹਰ ਸਰਦਾਰ ਦੇ ਅਧੀਨ ਲਗ ਪਗ ਇਕੋ ਜਿਨਾਂ ਇਲਾਕਾ ਸੀ। ਛੇ ਸਤਲੁਜ ਤੋਂ ਉਰੇ ਅਤੇ ਛੇ ਪਰੇ ਸਨ। ਰਣਜੀਤ ਕਾਲ ਪੰਜਾਹ ਵਰ੍ਹੇ ਦਾ ਸੀ। (ਸ਼ਾਹਮੁਹੰਮਦ ਅਨੁਸਾਰ) ੩੧ ਅਕਤੂਬਰ ੧੮੩੧ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਰੋਪੜ ਸਤਲੁਜ ਕੰਢੇ ਵਿਲੀਅਮ ਬੈਂਟਿੰਗ ਨਾਲ ਮੁਲਾਕਾਤ ਹੋਈ। ਮੁਦਕੀ ਦੀ ਲੜਾਈ ੧੮ ਦਸੰਬਰ ੧੮੪੫ ਈ. ਨੂੰ ਹੋਈ। ਸਭਰਾਵਾਂ ਦੀ ਲੜਾਈ ੧੦ ਫ਼ਰਵਰੀ ੧੮੪੬ ਈ. ਨੂੰ ਹੋਈ। ਸ਼ਾਮ ਸਿੰਘ ਅਟਾਰੀ ਵਾਲੇ ਸਭਰਾਵਾਂ ਦੀ ਲੜਾਈ ਦੇ ਸ਼ਹੀਦ ਹਨ। ਫੇਰੂ ਸ਼ਹਿਰ ਦੀ ਲੜਾਈ ੨੨ ਦਸੰਬਰ ੧੮੪੫ ਈ. ਨੂੰ ਹੋਈ। ਮਾਰਚ ੧੮੪੯ ਵਿਚ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਚਲਾ ਗਿਆ। ਸਰਦਾਰਾਂ ਦੇ ਕਿਲੇ ਢਾਹੇ ਗਏ। ਲਾਹੌਰ ਵਿਚ ਗਊ-ਬੱਧ ਹੋਣ ਲਗ ਪਿਆ। (ਭਰੋਵਾਲ ਦਾ ਅਹਿਦਨਾਮਾ ੧੬ ਦਸੰਬਰ ੧੮੪੭ ਈ.) ਮਹਾਰਾਣੀ ਜਿੰਦਾਂ ੧੯ ਅਗਸਤ ੧੮੪੭ ਈ. ਸ਼ੇਖ਼ੂਪੁਰੇ ਦੇ ਕਿਲੇ ਵਿਚ ਨਜ਼ਰਬੰਦ ਕੀਤੀ ਗਈ।

੩੧ ਮਾਰਚ ੧੭੮੫ ਈ. ਨੂੰ ਮਰਹਟਿਆਂ ਤੇ ਸਿੰਘਾਂ ਦਾ ਅਹਿਦਨਾਮਾ ਹੋਇਆ।

ਬਾਬਾ ਆਲਾ ਸਿੰਘ ਨੇ ੭ ਅਗਸਤ ੧੭੬੫ ਈ. 'ਚ ਚੜ੍ਹਾਈ ਕੀਤੀ।



www.AKJ.Org

ਦਰਬਾਰ ਸਾਹਿਬ ਦੀ ਉਸਾਰੀ ਨਵੇਂ ਸਿਰਿਉਂ ੧੭੭੫ ਈ. 'ਚ ਹੋਈ।

ਸ਼ਾਹ ਜ਼ਮਾਨ ਦੇ ਹਮਲੇ ੧੭੯੩, ੯੫, ੯੬ ਤੇ ੧੭੯੮ ਈ. 'ਚ ਹੋਏ।

੩੦ ਅਪਰੈਲ ੧੮੩੭ ਨੂੰ ਹਰੀ ਸਿੰਘ ਨਲੂਆ ਸ਼ਹੀਦ ਹੋਇਆ।

ਧਿਆਨ ਸਿੰਘ ਡੋਗਰਾ ੧੫ ਸਤੰਬਰ ੧੮੪੩ ਨੂੰ ਕਤਲ ਹੋਇਆ, ਇਸੇ ਦਿਨ ਮਹਾਰਾਜਾ ਸ਼ੇਰ ਸਿੰਘ ਸੰਧਾਂਵਾਲੀਆ ਨੇ ਗੋਲੀ ਨਾਲ ਮਾਰਿਆ।

੧੩ ਜਨਵਰੀ ੧੮੪੯ ਈ. ਚੇਲੀਆਂਵਾਲੇ ਦੀ ਲੜਾਈ ਹੋਈ।

੨੧ ਫ਼ਰਵਰੀ ੧੮੪੯ ਈ. ਗੁਜਰਾਤ ਦੀ ਲੜਾਈ ਹੋਈ।

ਅਪਰੈਲ ੧੮੫੪ ਵਿਚ ਮਹਾਰਾਜਾ ਦਲੀਪ ਸਿੰਘ ਜਲਾਵਤਨ ਕੀਤਾ ਗਿਆ।

## ਅਜੋਕਾ ਯੁਗ (੧੯੪੭ ਤਕ)

੧੮੫੪ ਈ. ਨਿਰੰਕਾਰੀ ਲਹਿਰ ਦਾ ਅਰੰਭ

੧੮੬੩ ਈ. ਨਾਮਧਾਰੀ ਲਹਿਰ ਦਾ ਅਰੰਭ

੧੭ ਜਨਵਰੀ ੧੮੭੨ ਨੂੰ ਮਲੇਰਕੋਟਲੇ ਲਾਗੇ ੬੬ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ।

ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ੧੮੭੩ ਈਸਵੀ ਨੂੰ ਹੋਈ ੨ ਨਵੰਬਰ ੧੮੭੯ ਸਿੰਘ ਸਭਾ ਲਾਹੌਰ ਬਣੀ।

੧੮੮੩ ਈ. ਖਾਲਸਾ ਦੀਵਾਨ ਅੰਮ੍ਰਿਤਸਰ ਤੇ ਲਾਹੌਰ ਬਣੇ।

੧੮੯੨ ਈਸਵੀ ਖਾਲਸਾ ਕਾਲਜ ਅੰਮ੍ਰਿਤਸਰ ਬਣਿਆ।

੩੦ ਅਕਤੂਬਰ ੧੯੦੨ ਈ. ਚੀਫ਼ ਖਾਲਸਾ ਦੀਵਾਨ ਬਣਿਆ।

੧੯੦੭ ਈਸਵੀ ਪੰਚ ਖਾਲਸਾ ਦੀਵਾਨ ਭਸੌੜ

੨੧ ਅਪਰੈਲ ੧੯੧੩ ਈਸਵੀ ਨੂੰ ਗਦਰ ਪਾਰਟੀ ਦੀ ਸਥਾਪਨਾ।

ਮਈ ੧੯੨੦ ਅਕਾਲੀ ਲਹਿਰ ਦਾ ਮੁੱਢ ਬੱਝਾ

੧੬ ਨਵੰਬਰ ੧੯੨੦ ਈਸਵੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ।

੧੪ ਦਸੰਬਰ ੧੯੨੦ ਈ. ਸ਼ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ।

੨੦ ਫ਼ਰਵਰੀ ੧੯੨੧ ਈ. ਨਨਕਾਣੇ ਸਾਹਿਬ ਦਾ ਸਾਕਾ।

ਅਗਸਤ ੧੯੨੨ ਈ. ਬਬਰ ਲਹਿਰ ਦਾ ਅਰੰਭ

੯ ਜੁਲਾਈ ੧੯੨੩ ਜੈਤੋ ਦਾ ਮੋਰਚਾ

੧ ਨਵੰਬਰ ੧੯੨੫ ਤੋਂ ਗੁਰਦਆਰਾ ਐਕਟ ਲਾਗੂ ਹੋਇਆ।

੨੩ ਮਾਰਚ ੧੯੩੧ ਭਗਤ ਸਿੰਘ ਨੂੰ ਫਾਂਸੀ

ਜੁਲਾਈ ੧੯੩੫ ਈਸਵੀ ਸ਼ਹੀਦ ਗੰਜ ਐਜੀਟੇਸ਼ਨ

੧੯੪੩ ਈ. ਸਿਖ ਸਟੂਡੈਂਟਸ ਫੈਡਰੇਸ਼ਨ ਅਰੰਭ ਹੋਈ।

੧੬ ਅਗਸਤ ੧੯੪੬ ਈਸਵੀ ਕਲਕਤੇ ਫਸਾਦ ਸ਼ੁਰੂ ਹੋਏ।

੧੫ ਅਗਸਤ ੧੯੪੭ ਈਸਵੀ ਪੰਜਾਬ ਦੇ ਟੋਟੇ ਹੋਏ।

## ਨਿਹੰਗ ਸਿੰਘਾਂ ਦੇ ਬੋਲੇ

(ਫੌਜੀ ਸ਼ਬਦਾਵਲੀ)

ਸੰਖੇਪ ਟਿਪਣੀ—ਇਹ ਉਸ ਸਮੇਂ ਬਣੇ ਜਦੋਂ ਸਿੰਘ ਜੰਗਲਾਂ ਵਿਚ ਛਿਪੇ ਰਹਿੰਦੇ ਸਨ। ਮੌਕਾ ਪੈਣ ਤੇ ਬਾਹਰ ਨਿਕਲਦੇ ਸਨ। ਇਹਨਾਂ ਨੂੰ ਨਿਰਾਲੇ ਬੋਲ ਵੀ ਆਖਦੇ ਹਨ। ਇਹ ਖਾਲਸਾ ਜੀ ਦੀ ਫ਼ੌਜੀ ਸ਼ਬਦਾਵਲੀ ਹੈ। ਇਹ ਇਸ ਲਈ ਬਣਾਏ ਗਏ ਤਾਂ ਜੋ ਦੁਸ਼ਮਣ ਨੂੰ ਉਹਨਾਂ ਦੀ ਅਸਲੀ ਹਾਲਤ ਦਾ ਪਤਾ ਨਾ ਲਗ ਸਕੇ। ਨਿਰਾਲੇ ਬੋਲ ਖਾਲਸਾ ਜੀ ਨੂੰ ਢਹਿੰਦੀ ਕਲਾ ਵਿਚ ਨਹੀਂ ਆਉਣ ਦਿੰਦੇ। ਢਹਿੰਦੀ ਕਲਾ ਤੋਂ ਚੜ੍ਹਦੀ ਕਲਾ ਵਿਚ ਲੈ ਜਾਂਦੇ ਹਨ। ਨਿਹੰਗ ਸਿੰਘ ਤਾਂ ਇਹਨਾਂ ਦੀ ਵਰਤੋਂ ਅਜੋਕੇ ਯੁਗ ਵਿਚ ਵੀ ਕਰਦੇ ਹਨ। ਇਹਨਾਂ ਕਈਆਂ ਵਿਚ ਹਾਸਰਸ *



www.AKJ.Org

# ਪੜ੍ਹਿਆ ਮੂਰਖ ਆਖੀਐ........

(ਵਲੋਂ–ਸ੍ਰੀ ਗੁਰੂ ਨਾਨਕ ਸੰਗ ਸਭਾ ਸਿੰਘਾਪੁਰ)

ਕਸ਼ਮੀਰ ਦੇ ਇਲਾਕੇ, ਸ੍ਰੀ ਨਗਰ ਵਿਚ ਇਕ ਪ੍ਰਵਾਰ ਵਿਚ ਜੋ ਰਬ ਦਾ ਪੁਜਾਰੀ ਤੇ ਭਗਤੀ-ਭਾਵ ਵਾਲਾ ਸੀ, ਇਕ ਬਚਾ ਪੈਦਾ ਹੋਇਆ, ਜਿਸ ਦਾ ਨਾਮ ਮਾਪਿਆਂ ਨੇ ਸੇਵਾ ਰਾਮ ਰਖਿਆ। ਜਦ ਉਹ ਵਡਾ ਹੋਇਆ, ਤਾਂ ਵਿਦਿਆ ਪਾਕੇ ਚੰਗਾ ਵਿਦਵਾਨ ਬਣਿਆ, ਪਰ ਚਲਦਾ ਚਲਦਾ, ਐਸਾ ਰੁਕਿਆ ਕਿ ਅੰਦਰੋਂ ਮਾਨੋਂ ਨਾਸਤਕ ਹੋ ਗਿਆ। ਪਾਠ ਪੂਜਾ ਕਰਦਾ, ਗਿਆਨ ਧਿਆਨ ਜਾਣਦਾ ਹੋਇਆ ਵੀ ਅੰਦਰੋਂ ਸ਼ਰਧਾ ਭਗਤੀ ਤੇ ਪ੍ਰੇਮ ਤੋਂ ਖਾਲੀ ਹੋਣ ਕਾਰਣ ਹੰਕਾਰੀ ਵੀ ਹੋ ਗਿਆ।

ਛੋਟੀ ਉਮਰ ਵਿਚ ਹੀ ਇਸ ਨੇ ਅੰਮ੍ਰਿਤ-ਵੇਲੇ ਆਪਣੀ ਮਾਤਾ ਦੇ ਨਾਲ ਉਠਣਾ, ਪਾਠ ਪੂਜਾ ਕਰਨੀ

---

*ਭਰਿਆ ਪਿਆ ਹੈ—ਜਿਵੇਂ ਟੁੱਟੇ ਛਪਰ ਨੂੰ ਸ਼ੀਸ਼ ਮਹਿਲ ਆਖਣਾ, ਘਾਹ ਖੁਰਚਣੇ ਨੂੰ ਬਾਜ਼ ਉਡਾਉਣਾ ਭੁਖੇ ਰਹਿਣ ਨੂੰ ਕੜਾਕੇ ਰਹਿਣਾ, ਭਜ ਜਾਣ ਨੂੰ ਭਗੜਦੰਗ ਹੋ ਜਾਣਾ, ਕੁਤੇ ਨੂੰ ਕੁਤਬਦੀਨ ਆਖ ਕੇ ਬੁਲਾਉਣਾ ਤੇ ਕੁਕੜ ਨੂੰ ਕਾਜ਼ੀ ਆਦਿ। ਹੋਰ ਪ੍ਰਸਿਧ ਬੋਲੇ ਇਸ ਪ੍ਰਕਾਰ ਹਨ:—

ਸ਼ਹੀਦੀ ਫ਼ੌਜ–ਗੁਪਤ ਸੈਨਾ, ਸਦਾ ਗੁਲਾਬ–ਕਿੱਕਰ, ਕੱਚਾ ਪਿੱਲਾ–ਰਹਿਤ ਵਿਚ ਢਿੱਲਾ, ਸਵਾ ਲੱਖ–ਇਕ ਚਿਮਨੀ ਬੇਗਮ–ਅਫ਼ੀਮ, ਸਰਬ ਰਸ–ਲੂਣ ਮਿਰਚ, ਛਾਉਣੀ–ਸਿੰਘਾਂ ਦਾ ਡੇਰਾ, ਕੋਤਲਕਸ–ਬਿਸਤਰਾ, ਹਰਾ ਬਿਰਛ–ਸਬਜ਼ ਮੰਦਰ, ਜਗਤ ਜੂਠ–ਹੁੱਕਾ, ਜੁਆਲਾ ਬਮਣੀ–ਬੰਦੂਕ, ਪੌਣ ਪਰਕਾਸ਼–ਪੱਖਾ, ਥਾਨੇਦਾਰ–ਗੱਧਾ, ਧੂੜਕੋਟ–ਘਗਰਾ, ਦਮੜਾ–ਰੁਪੈ, ਗੱਧੀ ਚੁੰਘਣਾ–ਹੁਕਾ ਪੀਣਾ, ਚੀਤਾ–ਪਿਸ਼ਾਬ।

---

ਪਰ ਜਿਉਂ ਜਿਉਂ ਵਡਾ ਹੁੰਦਾ ਗਿਆ ਤੇ ਵਿਦਵਾਨ ਬਣਦਾ ਗਿਆ, ਤਿਉਂ ਤਿਉਂ ਹੀ ਅੰਦਰੋਂ ਸੜਨ ਵਧਦੀ ਗਈ। ਛੋਟੀ ਉਮਰ ਵਿਚ ਜੋ ਸਚਾ ਸ਼ੌਕ ਸੀ, ਉਹ ਉਡ ਗਿਆ, ਹੁਣ ਹੰਕਾਰ ਨੇ ਆ ਡੇਰੇ ਲਾਏ, ਜਿਸ ਦਾ ਨਤੀਜਾ ਇਹ ਹੋਇਆ, ਕਿ ਨਿਤਾ-ਪ੍ਰਤੀ ਲੋਕਾਂ ਨਾਲ ਬਹਿਸਾਂ ਤੇ ਚਰਚਾ ਕਰਕੇ ਉਨ੍ਹਾਂ ਨੂੰ ਜਿਤਣਾ, ਬਸ ਇਤਨਾ ਹੀ ਸ਼ੌਕ ਰਹਿ ਗਿਆ।

ਚਾਰ ਊਂਠ ਕਿਤਾਬਾਂ ਦੇ ਲਦ ਲਏ, ਆਪਣੇ ਬੈਠਣ ਲਈ, ਪਾਲਕੀ ਬਣਵਾਈ। ਇਸ ਨੂੰ ਚਾਰ ਆਦਮੀ ਚੁਕਿਆ ਕਰਨ। ਜਦੋਂ ਹੰਕਾਰ ਸਿਖਰ ਤੇ ਪੁਜਿਆ ਤਾਂ ਹੁਣ ਪੰਜਵਾਂ ਆਦਮੀ ਚੌਰ ਕਰਨ ਤੇ ਲਾ ਲਿਆ। ਬਾਕੀ ਸੇਵਕਾਂ ਨੂੰ ਕਿਤਾਬਾਂ ਨਾਲ ਲਦੇ ਊਠਾਂ ਦੇ ਨਾਲ ਨਾਲ ਚਲਣ ਦਾ ਹੁਕਮ ਦਿਤਾ। ਕਹਿੰਦੇ ਹਨ ਇਸ ਨੇ ਸਾਰੇ ਹਿੰਦੁਸਤਾਨ ਦਾ ਚਾਰ ਵਾਰੀ ਚਕਰ ਲਾਇਆ। ਇਸ ਦਾ ਨਾਮ ਜੇਤੂ-ਵਿਦਵਾਨ ਪੰਡਤ ਸੇਵਾ ਰਾਮ ਪੈ ਗਿਆ। ਜਦੋਂ ਪੰਜਵੀਂ ਵਾਰ ਹਿੰਦੁਸਤਾਨ ਦੇ ਵਡੇ ਵਡੇ ਸ਼ਹਿਰਾਂ ਦੇ ਦੌਰੇ ਤੇ ਚੜ੍ਹ ਅੰਮ੍ਰਿਤਸਰ ਦੇ ਕੋਲੋਂ ਲੰਘਿਆ ਤਾਂ ਇਕ ਘਾਹੀ ਪਾਸੋਂ ਪੁਛ ਬੈਠਾ, ਇਹ ਕਿਹੜਾ ਸ਼ਹਿਰ ਹੈ? ਘਾਹੀ ਨੇ ਬੜੀ ਨਿਮਰਤਾ ਸਹਿਤ ਉਤਰ ਦਿਤਾ,'ਇਹ ਗੁਰੂ-ਕੀ-ਨਗਰੀ ਸ੍ਰੀ ਅੰਮ੍ਰਿਤਸਰ ਹੈ।'

ਗੁਰੂ ਨਾਨਕ ਦੀ ਗਦੀ ਤੇ ਐਸ ਵਕਤ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜੋਤ ਜਗਾ ਰਹੇ ਹਨ। ਦਰਸ਼ਨ ਕੀਤਿਆਂ ਠੰਡ ਪੈਂਦੀ ਤੇ ਮਨੋਂ ਕ ਮਨਾਂ ਪੂਰੀਆਂ ਹੁੰਦੀਆਂ ਸਨ।



www.AKJ.Org

ਉਸ ਘਾਹੀ ਦੇ ਪੁਛਣ ਤੇ ਸੇਵਾ ਰਾਮ ਦੇ ਸਾਥੀਆਂ ਨੇ ਦਸਿਆ, ਕਿ ਇਹ ਇਕ ਮਹਾਨ ਪੰਡਤ ਹਨ। ਚਾਰ ਵਾਰੀ ਭਾਰਤ ਦਾ ਦੌਰਾ ਕਰਕੇ ਸ਼ਾਸਤ੍ਰਾਰਥ ਤੇ ਚਰਚਾ ਕਰਕੇ ਸਭ ਨੂੰ ਜਿਤਿਆ ਹੈ, ਹੁਣ ਪੰਜਵੀਂ ਵਾਰੀ ਦੌਰੇ ਤੇ ਚੜ੍ਹੇ ਹਨ, ਇਨ੍ਹਾਂ ਨਾਲ ਜਿਸ ਨੇ ਵੀ ਚਰਚਾ ਕੀਤੀ ਸਭ ਹਾਰ ਗਏ। ਘਾਹੀ ਸਿਖ ਨੇ ਆਖਿਆ, ਕਿ ਹੇ ਭਾਈ! 'ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਮੀਰੀ-ਪੀਰੀ ਦੇ ਮਾਲਕ ਦਾ ਹੈ, ਦਰਸ਼ਨ ਕੀਤਿਆਂ ਠੰਡ ਪੈਂਦੀ ਹੈ। ਸੇਵਾਰਾਮ ਜੋ ਮਾਣ ਤੇ ਹੰਕਾਰ ਵਿਚ ਗਲਿਆ ਪਿਆ ਸੀ ਨੇ ਸੇਵਕਾਂ ਨੂੰ ਹੁਕਮ ਦਿਤਾ ਕਿ ਮੈਂ ਕਾਂਸ਼ੀ ਦੇ ਵਡੇ ਤੋਂ ਵਡੇ ਪੰਡਤਾਂ ਨੂੰ ਜਿਤ ਆਇਆ ਹਾਂ, ਇਥੇ ਤੇ ਗਲ ਹੀ ਮਾਮੂਲੀ ਹੈ, ਚਲੋ ਅਜ ਰਾਤ ਇਸੇ ਨਗਰ (ਅੰਮ੍ਰਿਤਸਰ) ਵਿਚ ਬਿਸਰਾਮ ਕਰੀਏ ਸਵੇਰੇ ਇਨ੍ਹਾਂ ਦੇ ਗੁਰੂ ਨੂੰ ਜਿਤ ਲਵਾਂਗੇ, ਮਾਮੂਲੀ ਗਲ ਏ।'

ਸਵੇਰ ਹੋਈ, ਸੇਵਾ ਰਾਮ ਸਮੇਤ ਸਾਥੀਆਂ ਦੇ ਗੁਰੂ ਜੀ ਦੇ ਦਰਬਾਰ ਪੁਜਾ। ਸਾਹਿਬੇ ਜਮਾਲ, ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ, ਅਕਾਲ-ਤਖ਼ਤ ਤੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਦੇ ਰਹੇ ਹਨ। ਤੇਜ ਝਲਿਆ ਨਹੀਂ ਸੀ ਜਾਂਦਾ। ਦਰਬਾਰ ਸ਼ਾਨੋ-ਸ਼ੌਕਤ ਨਾਲ ਸਜ ਰਿਹਾ ਸੀ। ਗੁਰੂ ਕੀ ਬਾਣੀ ਦਾ ਕੀਰਤਨ ਹੋ ਰਿਹਾ ਹੈ। ਸੇਵਾ ਰਾਮ ਸੋਚਦਾ ਹੈ, ਸਾਰਾ ਹਿੰਦੁਸਤਾਨ ਤੇ ਸਾਰੇ ਤੀਰਥ ਫਿਰ ਆਇਆ ਹਾਂ, ਪਰ ਐਹੋ ਜਿਹਾ ਸਵਰਗੀ-ਨਜ਼ਾਰਾ ਕਿਧਰੇ ਨਹੀਂ ਡਿਠਾ। ਉਹ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਲਈ ਲਾਈਨਾਂ ਵਿਚ ਬੇਹਾਲ ਹੋਏ ਖੜੇ ਵੇਖ ਕੇ ਹੈਰਾਨ ਹੁੰਦਾ ਸੀ। ਸਾਰਿਆਂ ਦੇ ਹਿਰਦੇ ਦੀ ਤੜਪ ਸੀ ਕਿ ਮੈਂ ਸਚੇ ਪਾਤਸ਼ਾਹ ਦੇ ਦਰਸ਼ਨ ਕਰਾਂ। ਸੰਗਤਾਂ ਨਿਉਂ ਨਿਉਂ ਦਰਬਾਰ ਦੀ ਚਰਨ-ਧੂੜ ਲਾਉਂਦੀਆਂ ਨਹੀਂ ਸਨ ਰਜਦੀਆਂ। ਸੇਵਾ ਰਾਮ ਤਕ ਤਕ ਕੇ ਹੈਰਾਨ ਹੋਈ ਜਾਂਦਾ ਸੀ। ਅਗ੍ਹਾਂ ਵਧਿਆ, ਪਰ ਮਾਣ ਵਡਿਆਈ ਤੇ ਵਿਦਿਆ ਦੇ ਹੰਕਾਰ ਨੇ ਮਥਾ ਟੇਕਣ ਨਹੀਂ ਦਿਤਾ। ਉਸਦਾ ਦਿਲ ਕਰਦਾ ਸੀ ਕਿ ਇਹੋ ਜਿਹੇ ਸਚੇ ਪਾਤਸ਼ਾਹ ਦੇ ਚਰਨ ਪਰਸੇ, ਪਰ ਫਿਰ ਆਪਣੇ ਸੇਵਕਾਂ ਵਲ ਤਕਕੇ ਸ਼ਰਮਾ ਗਿਆ। ਹੰਕਾਰ ਅਜੇ ਟੁਟਾ ਨਹੀਂ। ਸਭ ਦੀਆਂ ਆਸਾਂ ਪੂਰੀਆਂ ਕਰਨ ਵਾਲੀ ਆਸਾ ਦੀ ਵਾਰ ਦਾ ਭੋਗ ਪਿਆ। ਸਤਿਗੁਰਾਂ ਦੇ ਅੰਮ੍ਰਿਤ ਕਟੋਰੇ ਨੈਨ ਖੁਲ੍ਹੇ, ਜਿਧਰ ਨਜ਼ਰ ਪਈ ਮਾਨੋਂ ਨਿਹਾਲ ਕਰਦੇ ਗਏ। ਮੇਹਰਾਂ ਵਸਣ ਲਗ ਪਈਆਂ ਇਹ ਨੈਣ, ਜਿਨ੍ਹਾਂ ਭਾਗਾਂ ਵਾਲਿਆਂ ਤੇ ਪੈਂਦੇ ਸਨ, 'ਨਾਨਕ ਨਦਰੀ ਨਦਰ ਨਿਹਾਲ' ਦੇ ਮਹਾਂਵਾਕ ਅਨੁਸਾਰ ਨਿਹਾਲ ਕਰੀ ਜਾਂਦੇ ਸਨ। ਮਹਾਰਾਜ ਦੇ ਦਿਆਲੂ ਨੈਣ, ਸੇਵਾ ਰਾਮ ਤੇ ਵੀ ਪਏ, ਇਕ ਧੂਹ ਜਹੀ ਪਈ, ਸੇਵਾ ਰਾਮ ਦੇ ਦਿਲ ਵਿਚ। ਵਿਦਵਾਨ ਪੰਡਤ ਆਇਆ ਜਿਤਣ ਲਈ ਸੀ, ਪਰ ਆਪ ਜਿਤਿਆ ਗਿਆ। ਫਿਰ ਸੋਚਦਾ ਹੈ ਮੈਂ ਕੀ ਵੇਖ ਰਿਹਾ ਹਾਂ। ਸਤਿਗੁਰਾਂ ਦੀ ਨੈਣ-ਤਕਣੀ ਸਹਾਰ ਨਾ ਸਕਿਆ। ਓ ਆਕੜਿਆ ਹੋਇਆ ਇਨਸਾਨ ਝੁਕ ਗਿਆ। ਮਥਾ ਟੇਕਿਆ ਮਾਨੋ ਸੜੀ ਖੇਤੀ ਹਰੀ ਹੋਣ ਲਗੀ ਹੈ। ਸੋਚਦਾ ਹੈ, ਕਿ ਜੋ ਵੀ ਗੁਰੂ ਦਰਬਾਰ ਆ ਰਿਹਾ ਹੈ, ਕੋਈ ਨਾ ਕੋਈ ਭੇਟਾ ਗੁਰੂ ਜੀ ਦੇ ਅਗੇ ਧਰ ਰਿਹਾ ਹੈ, ਮੈਂ ਕੀ ਧਰਾਂ ?

ਦਿਲੋਂ ਨਿਮੋਂ ਝੂਣਾ ਹੋ ਅਰਦਾਸ ਕਰਦਾ ਹੈ, ਹੇ ਸਚੇ ਪਾਤਸ਼ਾਹੋ! ਮੈਨੂੰ ਬਖ਼ਸ਼ ਲਵੋ'! "ਮੈਂ ਜੋ ਵਿਦਿਆ ਤੇ ਹੰਕਾਰ-ਦੀਆਂ-ਪੰਡਾਂ ਇਕਠੀਆਂ ਕੀਤੀਆਂ ਸਨ, ਇਹ ਸਭ ਆਪ ਜੀ ਦੀ ਭੇਟਾ ਕਰ ਰਿਹਾ ਹਾਂ। ਜਾਣੀਜਾਣ ਸਤਿਗੁਰਾਂ ਕਿਹਾ, "ਭਾਈ ਕੁਝ ਮੰਗ"। ਕਹਿਣ ਲਗਾ ਮਹਾਰਾਜ ! ਮੈਨੂੰ ਜੋ ਤੁਹਾਡਾ ਸਿਖ ਘਾਹ ਖੋਦਣ ਵਾਲਾ ਮਿਲਿਆ ਸੀ, ਜਿਸਦੇ ਮਥੇ ਤੇ ਜਲਾਲ ਸੀ, ਜੇ ਮੇਹਰ ਕਰ ਦਿਓ, ਤਾਂ ਮੈਨੂੰ ਆਪਣੇ ਘਾਹੀ ਵਰਗਾ ਕਰ ਦਿਓ"।

ਚਾਰ ਵਾਰੀ ਸਾਰੇ ਹਿੰਦੁਸਤਾਨ ਦਾ ਦੌਰਾ ਕਰ ਕੇ ਵਡੇ ਵਡੇ ਪੰਡਤਾਂ ਨੂੰ ਜਿਤਣ ਵਾਲਾ ਪੰਡਤ ਅਜ ਗੁਰੂ ਕੇ ਇਕ ਘਾਹੀ ਸਿਖ ਦੀ ਜ਼ਿੰਦਗੀ ਵਾਸਤੇ ਤਰਸਦਾ ਹੈ। ਸਤਿਗੁਰੂ ਜੀ ਮੁਸਕਰਾਏ ਤੇ ਫੁਰਮਾਇਆ ਪੰਡਤ ਜੀ, ਉਸ ਘਾਹੀ ਵਰਗਾ ਸਿਖ ਬਣਨ ਵਾਸਤੇ ਬੜੀਆਂ ਘਾਲਣਾ ਘਾਲਣੀਆਂ ਪੈਂਦੀਆਂ ਹਨ।



www.AKJ.Org

ਪਰ ਤੂੰ ਹੁਣ ਗੁਰੂ ਨਾਨਕ ਦੇ ਦਰਬਾਰ ਆ ਗਿਆ ਹੈਂ, ਇਥੇ ਆਇਆ ਕੋਈ ਖਾਲੀ ਨਹੀਂ ਮੁੜਿਆ। ਸਾਹਿਬ ਤਖ਼ਤ ਤੋਂ ਉਤਰੇ, ਸੇਵਾ ਰਾਮ ਦੀ ਬਾਂਹ ਫੜ ਲਈ ਤੇ ਲੈ ਗਏ ਲੰਗਰ ਦੇ ਬੂਹੇ ਤੇ। ਫੁਰਮਾਇਆ, ਲੌ ਪੰਡਤ ਜੀ ਸੰਗਤਾਂ ਦੇ ਜੂਠੇ ਭਾਂਡੇ ਮਾਂਜੋ। ਜਿਉਂ ਜਿਉਂ ਭਾਂਡੇ ਮਾਂਜੋਗੇ, ਤਿਉਂ ਤਿਉਂ ਤੁਹਾਡਾ ਦਿਲ ਮਾਂਜਿਆ ਜਾਵੇਗਾ। ਬਸ ਇਹੋ ਗੁਰੂ ਨਾਨਕ ਦੇ ਘਰ ਵਿਚੋਂ ਬਖ਼ਸ਼ਿਸ਼ਾਂ ਹਾਂਸਲ ਕਰਨ ਦਾ ਢੰਗ ਹੈ।

ਸੇਵਾ ਰਾਮ ਹੁਣ ਹੰਕਾਰ ਛਡ ਚੁਕਾ ਸੀ। ਇਸਨੇ ੬ ਸਾਲ ਅੰਮ੍ਰਿਤਸਰ ਰਹਿਕੇ ਸੰਗਤਾਂ ਦੀ ਹੱਦ ਤੋਂ ਵਧ ਸੇਵਾ ਕਰ ਕੇ ਗੁਰੂ ਜੀ ਦੀ ਪ੍ਰਸੰਤਾ ਪ੍ਰਾਪਤ ਕੀਤੀ ਤੇ ਮਹਾਰਾਜ ਜੀ ਦੀ ਆਗਿਆ ਲੈ ਘਰ ਨੂੰ ਮੁੜਿਆ, ਇਸਦੀ ਮਾਤਾ ਜਿਸ ਦਾ ਨਾਮ ਵਡਭਾਗੀ ਸੀ, ਨੇ ਮਹਾਰਾਜ ਜੀ ਦਾ ਦਰਸ਼ਨ ਨਹੀਂ ਸੀ ਕੀਤਾ, ਪਰ ਪੁਤਰ ਪਾਸੋਂ ਸੁਣ ਸੁਣ ਕੇ ਇਤਨਾ ਪਿਆਰ ਉਸਨੂੰ ਜਾਗਿਆ ਕਿ ਹਰ ਵਕਤ ਧਿਆਨ ਮਹਾਰਾਜ ਵਲ ਹੀ ਰਹਿਣ ਲਗਾ। ਪ੍ਰੇਮ ਵਿਚ ਆਈ ਨੇ ਆਪਣੇ ਹਥੀਂ ਮਹਾਰਾਜ ਲਈ ਕੁੜਤਾ ਸੀਤਾ। ਜਦ ਤਿਆਰ ਹੋ ਗਿਆ ਤਾਂ ਆਪਣੇ ਪੁਤਰ ਸੇਵਾ ਰਾਮ ਨੂੰ ਵਿਖਾਇਆ, ਸੇਵਾ ਰਾਮ ਕਹਿਣ ਲਗਾ, ਮਾਤਾ ਜੀ! ਮੇਰੇ ਸ਼ਹਿਨਸ਼ਾਹ ਦੀਆਂ ਬਾਹਵਾਂ ਬੜੀਆਂ ਲੰਮੀਆਂ ਹਨ, ਪਰ ਜੋ ਤੁਸਾਂ ਚੋਲਾ ਬਣਾਇਆ ਹੈ, ਇਸਦੀਆਂ ਬਾਹਵਾਂ ਬਹੁਤ ਛੋਟੀਆਂ ਹਨ। ਮਾਂ ਮੁਸਕਰਾਈ ਤੇ ਕਹਿਣ ਲਗੀ, ਜੋ ਬਣਨਾ ਸੀ ਬਣ ਗਿਆ, ਜੇ ਮੇਰਾ ਗੁਰੂ ਸਮਰੱਥ ਹੈ, ਤੇ ਮੇਰਾ ਪ੍ਰੇਮ ਸਚਾ ਹੈ, ਤਾਂ ਇਹ ਚੋਲਾ ਜ਼ਰੂਰ ਹੀ ਪੂਰਾ ਆਵੇਗਾ।

ਇਧਰ ਕੁਝ ਚਿਰ ਪਿਛੋਂ ਮਹਾਰਾਜ ਜੀ ਨੂੰ ਮਾਤਾ ਵਡਭਾਗੀ ਦੇ ਆਤਮਕ-ਪ੍ਰੇਮ ਦੀ ਖਿੱਚ ਵਜੀ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕਸ਼ਮੀਰ ਪੁਜੇ ਸਿਦਕ ਵਾਲੀ ਮਾਤਾ ਨੂੰ ਦਰਸ਼ਨ ਦਿਤੇ, ਮਿਲਦੇ ਹੀ ਕਹਿਣ ਲਗੇ ਮਾਤਾ ਜੀ ਮੇਰਾ ਚੋਲਾ ਲਿਆਓ। ਮਾਤਾ ਚਾਈਂ ਚਾਈਂ ਚੋਲਾ ਲਿਆਈ, ਜੋ ਸਤਿਗੁਰਾਂ ਨੂੰ ਬਿਲਕੁਲ ਪੂਰਾ ਆਇਆ। ਬਾਹਾਂ ਵੀ ਐਨ ਪੂਰੀਆਂ ਆਈਆਂ। ਸੇਵਾ ਰਾਮ ਦੀ ਮਾਤਾ ਨਿਹਾਲ ਹੋ ਗਈ। ਸੇਵਾ ਰਾਮ ਨਿਹਾਲ ਹੋ ਗਿਆ, ਸਾਰਾ ਪ੍ਰਵਾਰ ਨਿਹਾਲ ਹੋ ਗਿਆ।

——


## ਰਿਸ਼ਤੇ ਨਾਤੇ–

(1) ਇਕ ਤਿਆਰ ਬਰ ਤਿਆਰ ਸਿੰਘ ਜਿਸ ਦੀ ਉਮਰ 24 ਸਾਲ ਹੈ ਮਾਸਕ ਆਮਦਨੀ 250/- ਰੁਪਏ ਤਕ ਹੈ, ਲਈ ਇਕ ਤਿਆਰ ਬਰ ਤਿਆਰ ਸਿੰਘਣੀ ਦੀ ਲੋੜ ਹੈ।

ਚਿੱਠੀ ਪੱਤਰ ਕਰਨ ਦਾ ਪਤਾ—ਅਮਰਜੀਤ ਸਿੰਘ,
2E-23 Shandewala (Ext.) Link Road, (Ext. Store)
NEW DELHI. Phone 566395

(2) ਇਕ ਤਿਆਰ ਬਰ ਤਿਆਰ ਸਿੰਘ ਜਿਸਦੀ ਉਮਰ 40 ਸਾਲ, ਯੋਗਤਾ ਬੀ.ਐਸ-ਸੀ, 28 ਕਿੱਲੇ ਜ਼ਮੀਨ ਹੈ, ਲਈ ਇਕ ਤਿਆਰ ਬਰ ਤਿਆਰ ਸਿੰਘਣੀ ਦੀ ਲੋੜ ਹੈ।

ਸੁਰਿੰਦਰ ਸਿੰਘ ਮਾਰਫ਼ਤ ਮੇਜਰ ਹਜ਼ੂਰਾ ਸਿੰਘ ਪਿੰਡ ਬਨੂੜ ਬਰਾਸਤਾ ਰਾਜਪੁਰਾ (ਪਟਿਆਲਾ)




www.AKJ.Org

# ਸੁਣ ਕੈ ਸੱਦ ਮਾਹੀ ਦਾ

ਲੱਖੀ ਜੰਗਲ ਖਾਲਸਾ, ਆਇ ਦੀਦਾਰ ਲਗੋ ਨੇ ।
ਸੁਣ ਕੈ ਸੱਦ ਮਾਹੀ ਦਾ, ਮੇਂਹੀ ਪਾਣੀ ਘਾਹੁ ਮਤੋ ਨੇ ।
ਕਿਸੇ ਨਾਲ ਨ ਰਲੀਆ ਕਾਈ, ਕੋਈ ਸਉਕ ਪਿਯੋ ਨੇ ।
ਗਿਆ ਫਿਰਾਕ, ਮਿਲਿਆ ਮਿਤ ਮਾਹੀ, ਤਾਹੀ ਸ਼ੁਕਰ ਕਿਤੋ ਨੇ ।

ਇਨ੍ਹਾਂ ਤੁਕਾਂ ਵਿਚ ਕਲਗੀਆਂ ਵਾਲੇ ਪਾਤਸ਼ਾਹ ਨੇ ਪ੍ਰੇਮ ਦਾ ਅਨੋਖਾ ਨਜ਼ਾਰਾ ਖਿਚਿਆ ਹੈ। ਜਦ ਮਾਹੀ (ਮੱਝਾਂ ਚਾਰਨ ਵਾਲਾ) ਆਪਣੀਆਂ ਮੱਝਾਂ ਨੂੰ ਸਦੱਦਾ ਹੈ ਤਾਂ ਉਹ ਭਾਵੇਂ ਘਾਹ ਚਰਦੀਆਂ ਹੋਣ ਜਾਂ ਪਾਣੀ ਪੀਂਦੀਆਂ ਹੋਣ ਨੱਸੀਆਂ ਨੱਸੀਆਂ ਆਪਣੇ ਪਿਆਰੇ ਰਾਖੇ ਕੋਲ ਆ ਜਾਂਦੀਆਂ ਹਨ।

ਇਸ ਤਰ੍ਹਾਂ ਹੀ ਜੱਦ ਮੇਵੜੇ ਨੇ ਭਾਈ ਜੋਗਾ ਸਿੰਘ ਨੂੰ ਪਸ਼ੌਰ ਕਲਗੀਆਂਵਾਲੇ ਦੀ ਸੱਦ (ਹੁਕਮ) ਦਸੀ ਤਾਂ ਇਹ ਲਾਵਾਂ, ਇਸਤਰੀ, ਪਿਤਾ, ਭਾਈ, ਸਾਕ ਸਬੰਧੀ ਛੱਡ ਆਪਣੇ ਪਿਆਰੇ ਮਾਹੀ ਦੀ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਨਸਿਆ। ਉਸ ਤਰਫ ਜੱਦ ਭਾ: ਜੋਗਾ ਸਿੰਘ ਜੀ ਨੂੰ ਮਾਇਆ ਦੇ ਜਾਲ ਵਿਚ ਫਸਦੇ ਅੰਤਰਜਾਮੀ ਸਤਿਗੁਰੂ ਜੀ ਨੇ ਅਨੁਭਵ ਕੀਤਾ ਤਾਂ ਮਹੱਲ, ਤਖ਼ਤ, ਫੌਜਾਂ ਛੋਡ ਵਾਹੋ ਦਾਹੀ ਨੱਸ ਕੇ ਹੋਸ਼ਿਆਰਪੁਰ ਪੁਜੇ ਆਪਣੇ ਜੋਗੇ ਦੀ ਪੈਜ ਰਖੀ ਅਤੇ ਰਸਾਤਲ ਨੂੰ ਨਿਘਰ ਜਾਂਦੇ ਨੂੰ ਬਾਂਹ ਦੇ ਕੇ ਉਬਾਰਿਆ। ਧਨ ਭਾ: ਜੋਗਾ ਸਿੰਘ ਜੀ, ਧੰਨ ਧਨ ਕਲਗੀਆਂ ਵਾਲੇ ਪਾਤਸ਼ਾਹ।

ਤੁਸੀਂ ਵੀ ਪਿਆਰੇ ਮਾਹੀ ਦੀ ਨਗਰੀ ਵਿਚ ਭਾ: ਜੋਗਾ ਸਿੰਘ ਵਾਂਙ ਚਾਲੇ ਪਾਓ ਪਿਆਰਿਓ! ਅਗੋ ਉਹ ਆਪੇ ਬਹੁੜੀ ਕਰੇਗਾ।

ਦਾਸ–ਹਰਚਰਨ ਸਿੰਘ, 3032, ਸੈਕਟਰ 19–ਡੀ, ਚੰਡੀਗੜ੍ਹ।

---

# ਸ੍ਰੀ ਗੁਰੂ ਸਿੰਘ ਸਭਾ ਖਾਰ ਦਾ ਸ਼ਲਾਘਾ ਯੋਗ ਉਦਮ!

ਅਜ ੧੧-੨-੭੦ ਸ਼ਾਮ ੪-੩੦ ਵਜੇ ਗੁਰਮੁਖਾਂ ਦੀ ਪਰੇਰਨਾ ਤੇ ਸ੍ਰੀ ਗੁਰੂ ਸਿੰਘ ਸਭਾ ਖਾਰ ਵਲੋਂ ਗੁਰਮਤ ਸੰਗੀਤ ਕਲਾਸ ਆਸਾ ਦੀ ਵਾਰ ਦੇ ਪ੍ਰਚਾਰ ਲਈ ਖੋਲ ਦਿਤੀ ਗਈ। ਸ੍ਰੀਮਤੀ ਹਰਭਜਨ ਕੌਰ ਜੀ ਅਧਿਆਪਕ (ਜੋ ਲੋਕਲ ਕਮੇਟੀ ਚੀਫ ਖਾਲਸਾ ਦੀਵਾਨ ਦੀ ਅਧਿਆਪਕ ਸਿਖਲਾਈ ਕਲਾਸ ਵਿਚ ਆਸਾ ਦੀ ਵਾਰ ਦੀ ਸਿਖਲਾਈ ਲਈ ਟਰੇਨਿੰਗ ਹਾਸਲ ਕਰ ਚੁਕੇ ਹਨ) ਨੀਯਤ ਹੋਏ। ਸਿਖਲਾਈ ਰੋਜ਼ਾਨਾ ਛੁਟੀ ਮਗਰੋਂ ਇਕ ਪੀਰੀਅਡ ਕਰਾ ਕੇ ਕੋਰਸ (ਛੰਤ, ਸਲੋਕ, ਪਉੜੀਆਂ ਤੇ ਸ਼ਬਦ ਆਸਾ ਰਾਗੁ ਦੇ ਆਸਾ ਰਾਗੁ ਵਿਚ) ਤਿਨਾਂ ਮਹੀਨਿਆਂ ਵਿਚ ਪੂਰਾ ਹੋਵੇਗਾ। ਮਗਰੋਂ ਗਰੁਪ ਦੀਵਾਨ ਵਿਚ ਕੀਰਤਨ ਸੁਣਾ ਕੇ ਫਾਰਗ ਕੀਤਾ ਜਾਵੇਗਾ ਤੇ ਫਿਰ ਅਗਲੇ ਗਰੁਪ ਦੀ ਸਿਖਲਾਈ ਸ਼ੁਰੂ ਹੋਵੇਗੀ।

ਅਭਿਆਸ ਲਈ ਉਪਰੋਕਤ ਸੰਸਥਾ ਨੇ ੧੩ ਵਾਜੇ ਬਚਿਆਂ ਨੂੰ ਲੈ ਦਿਤੇ ਹਨ। ਸਭਾ ਦਾ ਇਹ ਉਦਮ ਸ਼ਲਾਘਾ ਯੋਗ ਹੈ ਤੇ ਮਾਇਆ ਦੀ ਵਰਤੋਂ ਬੜੀ ਸੁਚੱਜੀ ਹੈ। ਅਤੇ ਹੋਰ ਸੰਸਥਾਵਾਂ ਲਈ ਬਚਿਆਂ ਦਾ ਆਚਾਰ ਉਚਾ ਕਰਨ ਦਾ ਇਹ ਉਪਰਾਲਾ ਇਕ ਸੋਹਣਾ ਨਮੂਨਾ ਹੈ ਅਜ ਦੇ ਬਚੇ ਕਲ ਦੀ ਕੌਮ ਹਨ। ਲੋੜ ਹੈ ਇਹਨਾਂ ਵਿਚ ਗੁਰਮਤ ਸੰਸਕਾਰ ਪੈਦਾ ਕਰਨ ਦੀ ਜਿਸ ਲਈ 'ਕਲ ਮੈਂ ਕੀਰਤਨ ਪਰਧਾਨ ਸਮਝ ਕੇ ਪੰਥਕ ਪਨੀਰੀ ਨੂੰ ਕੀਰਤਨ ਰੁਚੀ ਨਾਲ ਸ਼ਸ਼ੋਭਤ ਕੀਤਾ ਜਾਵੇ।

ਦਾਸ—ਨਿਹਾਲ ਸਿੰਘ ਇੰਨਚਾਰਜ ਸੰਗੀਤ ਸੈਂਟਰਸ
ਲੋਕਲ ਕਮੇਟੀ ਚੀਫ ਖਾਲਸਾ ਦੀਵਾਨ ਬੰਬਈ



www.AKJ.Org

# ਸ੍ਰੀ ਅਖੰਡ ਪਾਠ ਦੀ ਮਰਯਾਦਾ

( ਵਲੋਂ–ਭਾਈ ਗਿਆਨ ਸਿੰਘ ਜੀ ਸਿੰਦਰੀ )

ਸ੍ਰੀ ਅਖੰਡ ਪਾਠ ਦੇ ਲੇਖ ਤੇ ਅਗੇ ਵੀ ਸਿੰਘਾਂ ਨੇ ਕ੍ਰਿਪਾ ਕਰ ਕੇ ਚੰਗੀ ਤਰ੍ਹਾਂ ਰੋਸ਼ਨੀ ਪਾਈ ਹੈ; ਸਾਧਾਰਨ ਪਾਠ, ਸਪਤਾਹਿਕ ਪਾਠ, ਅਖੰਡ ਪਾਠ। ਸਤਿਗੁਰਾਂ ਦੀ ਬਖ਼ਸ਼ਸ਼ ਨਾਲ ਹੀ ਗੁਰਬਾਣੀ ਸੁਨਣ ਦਾ ਸੁਭਾਗ ਸਮਾਂ ਮਿਲਦਾ ਹੈ। ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੇ ਅੰਮ੍ਰਿਤ ਸੰਚਾਰ ਪੂਰਨ ਬਿਧੀ ਨਾਲ ਅਰੰਭ ਕੀਤਾ ਸੀ ਤੇ ਅੰਮ੍ਰਿਤ ਨਾਮ ਦੇ ਅਭਲਾਖੀ ਸਜਨਾਂ ਨੂੰ ਪੂਰਾ ਅਖੰਡ ਪਾਠ ਸੁਨਣਾ ਪੈਂਦਾ ਸੀ ਤੇ ਤਦ ਹੀ ਉਹ ਅੰਮ੍ਰਿਤ ਨੂੰ ਪਾਨ ਕਰ ਸਕਦੇ ਸਨ, ਤਾਕਿ ਭਾਂਡੇ ਦੇ ਰੋਮ ਰੋਮ ਵਿਚ ਬਾਣੀ ਰਚ ਜਾਵੇ ਤੇ ਸਾਫ਼ ਸੁਥਰੇ ਭਾਂਡੇ ਵਿਚ ਹੀ ਅੰਮ੍ਰਿਤ ਨਾਮ ਪਵੇ। ਭਾਈ ਸਾਹਿਬ ਨੇ ਆਪਣੀਆਂ ਪੁਸਤਕਾਂ ਵਿਚ ਲਿਖਿਆ ਹੈ ਕਿ ਜੋ ਰੰਗ ਜੇਲ੍ਹ ਜਾਣ ਤੋਂ ਪਹਿਲਾਂ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਨ ਤੇ ਲਗਦਾ ਸੀ ਉਹ ਹੁਣ ਘਟ ਹੀ ਵੇਖਣ ਵਿਚ ਆਉਂਦਾ ਹੈ।

ਸਾਡਾ ਏਥੇ ਅਖੰਡ ਪਾਠ ਦੀ ਮਰਯਾਦਾ ਨੂੰ ਵਰਨਣ ਕਰਨ ਦਾ ਸਨਬੰਧ ਹੈ।

ਸ੍ਰੀ ਅਖੰਡ ਪਾਠ ਕੇਵਲ ਤਿਆਰ ਬਰ ਤਿਆਰ ਸਿੰਘ ਹੀ ਕਰਨ ਤੇ ਸਤਿਗੁਰਾਂ ਦੀ ਅਪਾਰ ਕ੍ਰਿਪਾ ਦੀ ਪ੍ਰਾਪਤੀ ਹੁੰਦੀ ਹੈ। ਦਸਮੇਸ਼ ਗੁਰੂ ਨਾਨਕ ਨੇ ਆਪਣੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ ਹੈ, ਤੇ ਸਿਖਾਂ ਤੋਂ ਸਿੰਘ ਸਜਾ ਦਿਤੇ ਸਨ। ਤਿਆਰ ਬਰ ਤਿਆਰ ਸਿੰਘ ਖਾਲਸੇ ਨਾਲ ਹੀ ਆਪ ਦਾ ਪਿਆਰ ਸੀ।

ਪਾਠੀਆਂ ਨੂੰ ਕਿਰਾਏ ਤੇ ਲਿਆ ਕੇ ਅਖੰਡ ਪਾਠ ਦਾ ਫਲ਼ ਪੂਰਾ ਪ੍ਰਾਪਤ ਨਹੀਂ ਹੋ ਸਕਦਾ, ਅਖੰਡ ਪਾਠ ਗੁਰਮੁਖ ਪਿਆਰੇ ਹੀ ਰਲ ਮਿਲਕੇ ਕਰਨ। ਬਾਣੀ ਸਾਡੀ, ਗੁਰੂ ਸਾਡਾ ਹੈ। ਫੇਰ ਅਸੀਂ ਰਸ ਕਿਉਂ ਨਾ ਮਾਣੀਏ।

ਅਖੰਡ ਪਾਠ ਕਰਨ ਵੇਲੇ (੧) ਪਾਣੀ (੨) ਲਾਲ ਕਪੜਾ (੩) ਨਰੇਲ (੪) ਧੂਪ (੫) ਜੋਤ (੬) ਅੰਨ ਆਦਿ ਨਾਮ ਰਖੇ ਜਾਂਦੇ ਹਨ ਇਹ ਰਸਮ ਕਿਥੋਂ ਆਈ ਦਰਅਸਲ ਅਸੀਂ ਸਿਖ ਤੇ ਬਣ ਗਏ ਹਾਂ ਪਰ ਬਿਪਰਨ ਦੀ ਰੀਤ ਸਾਡੇ ਪਿਛੇ ਲਗੀ ਆਈ ਹੈ।

ਇਕ ਸਿਖ ਨੇ ਸਾਨੂੰ ਦਸਿਆ ਕਿ ਇਕ ਜਗ੍ਹਾ ਰਮਾਇਣ ਦਾ ਪਾਠ ਹੋ ਰਿਹਾ ਸੀ ਤੇ ਉਥੇ ਵੀ ਅਸਾਂ ਵੇਖਿਆ ਕਿ ਜਿਸ ਤਰ੍ਹਾਂ ਅਸੀਂ ਅਖੰਡ ਪਾਠ ਰਖਦੇ ਹਾਂ ਉਸੇ ਤਰ੍ਹਾਂ ਹੀ ਰਮਾਇਣ ਦੇ ਪਾਠ ਤੇ ਘੜੇ ਵਿਚ ਪਾਣੀ ਤੇ ਉਤੇ ਲਾਲ ਕਪੜੇ ਵਿਚ ਨਾਰੇਲ ਲਪੇਟਿਆ ਹੋਇਆ ਤੇ ਘੜਾ ਅਨਾਜ ਦੇ ਭਰੇ ਬਰਤਨ ਵਿਚ ਰਖਿਆ ਹੋਇਆ ਸੀ। ਜੋਤ ਵੀ ਜਗ ਰਹੀ ਸੀ, ਧੂਪ ਵੀ ਸੁਗੰਧੀ ਦੇ ਰਿਹਾ ਸੀ, ਅਸਾਂ ਪੰਡਤ ਨੂੰ ਸਵਾਲ ਕੀਤਾ ਕਿ ਤੁਸੀਂ ਭਾਵ ਪੰਡਤ ਜੀ ਦਸੋ ਕਿ ਇਹ ਸਭ ਚੀਜ਼ਾਂ ਪੂਜਾ ਵਿਚ ਰਖਣ ਦਾ ਕੀ ਮਤਲਬ ਹੈ। ਪੰਡਤ ਨੇ ਦਸਿਆ ਕਿ ਇਹਨਾਂ ਦਾ ਭਾਵ ਇਹ ਹੈ ਕਿ ਅਸੀਂ ਰਾਮਾਇਣ ਦੇ ਪਾਠ ਦੇ ਨਾਲ ਨਾਲ ਛੇ ਦੇਵਤਿਆਂ ਦੀ ਪੂਜਾ ਕਰਦੇ ਹਾਂ ੧. ਅੰਨ ਦੇਵਤਾ, ਪਾਣੀ ਦੇਵਤਾ, ੨. ਜੋਤ–ਬਸੰਤਰ ਦੇਵਤਾ, ੩. ਲਾਲ ਕਪੜਾ–ਦੇਵੀ ਪੂਜਾ, ੪. ਨਰੇਲ–ਗਨੇਸ਼ ਪੂਜਾ, ੫. ਧੂਪ–ਪਵਨ ਦੇਵਤਾ, ੬. ਰਾਮਾਇਣ–ਰਾਮਾ ਅਵਤਾਰ ਦੀ ਪੂਜਾ। ਇਸ ਤਰ੍ਹਾਂ ਸਾਡੀ ਦੇਵਤਿਆਂ ਦੀ ਪੂਜਾ ਇਕੋ ਵਾਰੀ ਹੀ ਹੋ ਜਾਂਦੀ ਹੈ। ਆਉ! ਹੁਣ ਅਸੀਂ ਵੀਚਾਰੀਏ ਕਿ ਅਸੀਂ ਤਾਂ ਇਕ ਅਕਾਲ ਦੇ ਪੁਜਾਰੀ ਹਾਂ ਜੋ ਨਿਰਾਕਾਰ ਹੈ ਤੇ ਘਟ ਘਟ ਵਿਚ ਰਵ ਰਿਹਾ ਹੈ, ਪਰ ਅਸੀਂ ਵੀ ਉਸੇ ਮਨਮਤ ਵਿਚ ਫਸੇ ਹੋਏ ਹਾਂ। ਦਸਮੇਸ਼ ਜੀ ਦਾ ਹੁਕਮ ਹੈ–ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪ੍ਰਤੀਤ। ਸਾਨੂੰ ਬਾਣੀ ਪੜ੍ਹਨ ਵੇਲੇ ਕੋਈ ਪਾਖੰਡ ਨਹੀਂ ਕਰਨੇ ਚਾਹੀਦੇ। ਕੜਾਹ ਪ੍ਰਸ਼ਾਦ (ਮਹਾਂ ਪ੍ਰਸ਼ਾਦ) ਦੀ ਦੇਗ ਸਜਾ ਕੇ ਤੇ ਅਕਾਲ ਪੁਰਖ ਅਗੇ ਅਰਦਾਸ ਕਰ ਕੇ ਬਾਣੀ ਦੇ ਬਾਣਾਂ ਨਾਲ ਇਸ ਮਨ ਨੂੰ ਘਾਇਲ ਕਰ ਲਈਏ ਤਾਕਿ ਇਹ ਇਧਰ ਉਧਰ ਭਜਣ ਜੋਗਾ ਨ ਰਹੇ। ਹਾਂ ਜੇਕਰ ਅੰਮ੍ਰਿਤ ਸੰਚਾਰ ਕਰਨਾ ਹੋਵੇ ਤੇ ਘੜੇ ਵਿਚ ਜਲ ਇਸ ਮਕਸਦ ਲਈ ਰਖ ਲਿਆ ਜਾਵੇ ਤਾਂਕਿ ਅੰਮ੍ਰਿਤ ਨਾਮ ਦੇ ਛਾਂਦੇ ਤਿਆਰ ਕਰਨ ਵੇਲੇ ਵਰਤ ਲਿਆ ਜਾਵੇ। ਅੰਮ੍ਰਿਤ ਬਾਣੀ ਹੈ, ਅੰਮ੍ਰਿਤ ਪਾਣੀ ਨਹੀਂ।

www.AKJ.Org

ਜੇ ਤੁਸੀਂ

* ਆਪਣੇ ਪਰਵਾਰ ਨੂੰ

* ਨੌਜਵਾਨ ਬੱਚੇ ਬੱਚੀਆਂ ਨੂੰ

* ਅੱਜ ਦੀ ਸਾਇੰਸੀ ਦੁਨੀਆਂ ਵਿਚ

* ਗੁਰਮਤਿ ਦਾ ਸਹੀ ਚਾਨਣ

ਦੇਣਾ ਚਾਹੁੰਦੇ ਹੋ, ਤਾਂ—

ਅੱਧ ਮਾਸਕ ਪੱਤਰ

# ਸੂਰਾ

ਤੁਹਾਡੇ ਘਰ ਪੁਜਣਾ ਜ਼ਰੂਰੀ ਹੈ।

ਜਿਸ ਦਾ ਸਾਲਾਨਾ ਚੰਦਾ

ਦੇਸ—12 ਰੁਪਏ ਪ੍ਰਦੇਸ—ਸਮੁੰਦਰੀ ਡਾਕ 20 ਰੁਪਏ ਪ੍ਰਦੇਸ—ਹਵਾਈ ਡਾਕ 60 ਰੁਪਏ

ਲਾਈਫ ਮੈਂਬਰ—250 ਰੁਪਏ ਪ੍ਰਤੀ ਕਾਪੀ 70 ਪੈਸੇ

ਅਜ ਹੀ ਪੱਕੇ ਗਾਹਕ ਬਣੋ!

ਮਿਲਣ ਦਾ ਪਤਾ—

ਮੈਨੇਜਰ—'ਸੂਰਾ' ਰਾਘੋਮਾਜਰਾ, ਪਟਿਆਲਾ।

www.AKJ.Org